# ਆਸ਼ੀਰਵਾਦ ਅਤੇ ਸ਼ੁਭਕਾਮਨਾਂ

ਜਿਵੇਂ ਪਾਠਕਾਂ ਨੂੰ ਪਤਾ ਹੀ ਹੈ ਕਿ ਇਹ ਪੁਰਸ਼ੋਤਮ ਪ੍ਰਗਿਆ ਨਾਮ ਦੀ ਪ੍ਰਤਿਕਾ ਹਰ ਸਾਲ 10 ਨਵੰਬਰ ਅਤੇ 31 ਮਾਰਚ ਨੂੰ ਸੰਪਾਦਕ ਰਵਿੰਦਰ ਜੈਨ ਛਾਪਦੇ ਹਨ। ਇਹ ਪ੍ਰਤਿਕਾ ਮੇਰੇ ਨਾਮ ਨਾਲ ਸਬੰਧਿਤ ਹੈ। ਇਸ ਦਾ ਹਰ ਅੰਕ, ਮੈਨੂੰ ਸਮਰਪਿਤ ਕਰਨਾ ਰਵਿੰਦਰ ਜੈਨ ਦਾ ਮੇਰੇ ਪ੍ਰਤਿ ਅਥਾਹ ਸਰਧਾ ਦਾ ਪ੍ਰਤੀਕ ਹੈ।

ਇਸ ਅੰਕ ਵਿਚ 45 ਜੈਨ ਆਗਮਾ ਦੀ ਸੰਖੇਪ ਜਾਣਕਾਰੀ ਅਸੀਂ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੀ ਪ੍ਰੇਰਣਾ ਤੇ ਆਸ਼ੀਰਵਾਦ ਨਾਲ ਲਿਖੀ ਹੈ।

ਮੈਂ ਰਵਿੰਦਰ ਜੈਨ ਨੂੰ ਇਸ ਮੌਕੇ ਤੇ ਮੇਰੇ ਪ੍ਰਤਿ ਸਹਿਜ ਸਮੱਰਪਣ ਅਤੇ ਕੀਤੇ ਯੋਗ ਸੰਪਾਦਨ ਲਈ ਆਸ਼ੀਰਵਾਦ ਦਿੰਦਾ ਹਾਂ। ਇਸ ਲੇਖ ਦੇ ਪੜਨ ਵਾਲਿਆਂ ਨੂੰ ਆਪਣੀਆਂ ਸ਼ੁਭ ਕਾਮਨਾਵਾਂ ਭੇਜਦਾ ਹਾਂ।

ਜੈਨ ਭਵਨ ਮਾਲੇਰਕੋਟਲਾ
10-11-1991

ਸ਼ੁਭਚਿੰਤਕ

ਪੁਰਸ਼ੋਤਮ ਦਾਸ ਜੈਨ

# ॥ ਜੈਨ ਸਾਹਿਤ ॥

## ਇਕ ਸੰਖੇਪ ਜਾਣਕਾਰੀ

ਲੇਖਕ :- ਰਵਿੰਦਰ ਜੈਨ ਪੁਰਸ਼ੋਤਮ ਜੈਨ ਮਾਲੇਰਕੋਟਲਾ

## 14 ਪੂਰਬਾਂ ਦੀ ਪ੍ਰਪੰਰਾ

ਭਾਰਤੀ ਸਾਹਿਤ ਵਿਚ ਜੈਨ ਸਾਹਿਤ ਦਾ ਅਪਨਾ ਪ੍ਰਮੁਖ ਸਥਾਨ ਹੈ ਜੈਨ ਸਹਿਤ ਦਾ ਮੁਢੱ 14 ਪੂਰਬ (ਗ੍ਰੰਥ) ਮਨੇ ਜਾਂਦੇ ਹਨ ਅਜ ਕਲ ਇਕ ਪੂਰਬ ਨਹੀਂ ਮਿਲਦੇ ਅਚਾਰੀਆ ਜਿਨਭੱਦਰ ਦਾ ਕਥਨ ਹੈ ਕਿ ਸਧਾਰਨ ਬੁਧੀ ਵਾਲੇ ਲੋਕਾ ਲਈ 12 ਅੰਗਾ (ਗ੍ਰੰਥ) ਦੀ ਰਚਨਾ ਕੀਤੀ ਗਈ ਹੈ ਭਗਵਾਨ, ਮਹਾਵੀਰ ਦੇ ਨਿਰਵਾਨ ਤੋ ਵਾਂਅਦ ਸਰੁਤ ਸਾਹਿਤ ਅੰਗ, ਉਪਾਂਗ,ਮੂਲ ਸੂਤਰ ਤੇ ਪ੍ਰਕਿਣਕ ਦੇ ਰੂਪ ਮਿਲਦਾ ਹੈ। ਸਰੁਤ ਗਿਆਨ ਤੋ ਭਾਵ ਹੈ ਸੁਣੇਆਂ ਹੋਇਆ ਗਿਆਨ ਤੀਰਥੰਕਰਾਂ ਨੇ ਜੋ ਉਪਦੇਸ ਦਿਤਾ, ਉਹ ਤੀਰਥੰਕਰਾ ਮਹਾਵੀਰ ਦੇ ਵਿਦਵਾਨ ਗਣਧਰ (ਪ੍ਰਮੁਖ) ਸੁਧਰਮਾ ਨੇ ਇਹ ਉਪਦੇਸ ਦਾ ਸਕੰਲਨ ਕੀਤਾ।

ਜੈਨ ਧਰਮ ਅਪਣੇ ਗ੍ਰਥਾਂ ਨੂੰ ਨਾਂ ਤਾ ਅਨਾਦਿ ਮਨਦਾ ਹੈ ਤੇ ਨਾਂ ਹੀ ਈਸਵਰ ਰਚਿਤ। ਜੈਨ ਧਰਮ ਪ੍ਰਪੰਰਾ ਤੋਂ ਜਿਆਦਾ ਮਾਨਵ ਬੁਧੀ ਦੀ ਕਦਰ ਕਰਦਾ ਹੈ। ਜੈਨ ਆਗਮ ਉਸ ਸਮੇ ਦੀ ਲੋਕ ਭਾਸ਼ਾ ਅਰਧ ਮਾਗਧੀ ਵਿਚ ਮਿਲਦੇ ਹਨ।

ਸਵੇਤਾਂਵਰ ਜੈਨ ਅਤੇ ਦਿਗੰਵਰ ਜੈਨ ਪ੍ਰਪਰਾ ਅੰਤਮ ਸਰੁਤ ਕੇਵਲੀ ਅਚਾਰਿਆ ਭੱਦਰ ਵਾਹੂ ਸਵਾਮੀ ਸਨ। ਜਿਨਾਂ ਦਾ ਸਵਰਗਵਾਸ ਵੀਰਨਿਰਵਾਨ ਦੇ 170 ਦਾ 167 ਨੂੰ ਹੋਇਆ। ਉਨਾਂ ਦਾ ਸਵਰਗ ਵਾਸ ਸਮੇ 10 ਪੂਰਬ ਬਾਕੀ ਸਮੇ ਮਾਜੂਦ ਸਨ। ਵੀਰ ਨਿਰਵਾਨ 84 ਸਮੇ ਆਰੀਆ ਬਜਰ ਸਮੇ ਤਕ ਇਹ ਪ੍ਰਪੰਰਾ ਚੱਲੀ। ਇਸ ਤੋ ਵਾਅਦ ਆਰਿਆ ਰਕਸਤ 9 ਪੂਰਬਾ ਦੇ ਜਾਨਕਾਰ ਸਨ। ਦਿਗੰਵਰ ਪ੍ਰਪੰਰਾ ਅਨੁਸਾਰ ਪੂਰਬ ਵੀਰਨਿਰਵਾਨ ਸਮੇਤ 683 ਅਨੁਸਾਰ ਪੂਰਬ ਪ੍ਰਪੰਰਾ ਸਮਾਪਤ ਹੋ ਗਈ।

## ਵਰਤਮਾਨ ਸਥਿਤੀ

ਵਰਤਮਾਨ ਦੇ ਇਤਹਾਸ ਆਗਮ ਸਾਹਿਤ ਦੀ ਜਾਣਕਾਰੀ ਕਰਨ ਤੋਂ ਪਹਿਲਾਂ ਜੈਨ ਸਾਹਿਤ ਵਾਰੇ ਜਾਣਕਾਰੀ ਹਾਸਲ ਕਰਨਾਂ ਬਹੁਤ ਜਰੂਰੀ ਹੈ। ਨੰਦੀ ਸੂਤਰ ਵਿਚ ਹਰ ਆਗਮਾ ਦਾ ਜੋ ਆਕਾਰ ਦਸਿਆ ਗਿਆ ਹੈ ਉਹ ਰਾਜਨੈਤਿਕ ਉਥਲ ਪੁਥਲ ਕਰਕੇ ਅੱਜ ਕੱਲ ਪ੍ਰਾਪਤ ਨਹੀਂ ਹੁੰਦਾ। ਪਰ ਜੈਨ ਮੁਨੀਆ ਨੇ ਆਪਣੇ ਸਾਹਿਤ ਨੂੰ ਸੁਰਖਿਅਤ ਰੱਖਣ ਲਈ ਜੋ ਕੋਸਿਸ ਕੀਤੀ ਉਸ ਦਾ ਇਤਹਾਸਕ ਵਰਨਣ ਸਵੇਤਾਂਵਰ ਸਾਹਿਤ ਵਿਚ ਮਿਲਦਾ ਹੈ। ਇਸ ਨੂੰ ਵਾਚਨਾ ਆਖਦੇ

ਹਨ। ਇਹ ਵਾਚਨਾ ਤੋਂ ਹੋਈਆ ਸਨ। ਵੀਰ ਨਿਰਵਾਨ ਦੇ 160 ਸਾਲ ਪਹਿਲੀ ਕੋਸਿਸ ਅਚਾਰਿਆ ਭੱਦਰਵਾਹੁ ਦੇ ਸਮੇ ਹੋਈ। ਇਸ ਸਮਾ ਪਾਟਲੀਪੁਤਰ ਵਿਖੇ ਸਾਧੂ ਇਕੱਠੇ ਹੋਏ। ਉਸੇ ਸਮੇ ਸਵੇਤਾਂਵਰ ਅਤੇ ਦਿਗੰਵਰ ਫਿਰਕੇ ਸਪਸਟ ਰੂਪ ਵਿਚ ਸਾਹਮਣੇ ਆਏ। ਇਸੇ ਸਮੇ ਇਕ ਯਤਨ ਉੜੀਸਾ ਦੀਆਂ ਖੰਡ ਗਿਰਿ ਗੁਫ਼ਾਵਾ ਵਿਖੇ ਮਹਾਰਾਜਾ ਖਾਰਬੇਲ ਨੇ ਕੀਤਾ। ਉਸ ਸਮੇ ਅਕਾਲ ਪੈ ਚੁਕਾ ਸ਼ੀ। ਜੈਨ ਸਾਹਿਤ ਦੇ ਸੰਪਾਦਨ ਦੀ ਤੀਸਰੀ ਕੋਸਿਸ ਵੀਰ ਨਿਰਵਾਨ ਦੇ 827 ਤੋ 840 ਦੇ ਵਿਚਕਾਰ ਮਥੁਰਾ ਵਿਖੇ ਅਚਾਰਿਆ ਸਕੰਦਿਲ ਦੀ ਪ੍ਰਧਾਨਗੀ ਵਿਚ ਮਥੁਰਾ ਵਿਖੇ ਹੋਈ। ਇਸੇ ਸਮੇ ਅਚਾਰਿਆ ਨਾਗਾਅਰਜੁਨ ਦੀ ਪ੍ਰਧਾਨਗੀ ਵਿਚ ਇਨਾਂ ਗ੍ਰੰਥਾਂ ਦੇ ਪਾਠ ਦਾ ਸੰਕਲਨ ਕਰਨ ਲਈ ਇਕ ਯਤਨ ਬਲੱਭੀ ਵਿਖੇ ਹੋਈਆ। ਇਸ ਵਿਚ ਪਹਿਲੀਆਂ ਵਾਚਨਾਵਾ ਨੂੰ ਲਿਖਣ ਦਾ ਯਤਨ ਕੀਤਾ ਗਿਆ।

ਆਗਮ ਦੇ ਸੰਪਾਦਨ ਦੀ ਆਖਰੀ ਕੋਸ਼ਿਸ ਵੀਰ ਨਿਰਵਾਨ ਸੰਮਤ 980 ਦੇ ਕਰੀਵ ਬਲੱਭੀ ਵਿਖੇ ਹੋਈ। ਅੱਜ ਕੱਲ ਇਸੇ ਵਾਚਨਾ ਦਾ ਲਿਖਿਆ ਸਾਹਿਤ ਮਿਲਦਾ ਹੈ। ਇਨ੍ਹਾ ਗ੍ਰੰਥਾ ਤੇ ਸੰਸਕ੍ਰਿਤ, ਪ੍ਰਾਕਿਤ ਰਾਜ਼ਸਥਾਨੀ ਵਿਚ ਨਿਰਯੁਕਤੀ, ਚੁਰਣੀ, ਭਾਸ਼ਯ ਅਤੇ ਟਬੇ ਲਿਖ ਗਏ।

# ਵਰਗੀਕਰਨ

ਵਿਸੇ ਪੱਖੋਂ ਆਰਿਆ ਰਕਸਕ ਨੇ ਸਮੂਚੇ ਆਗਮਾ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ

## 1 ਚਰਨ ਕਰਨਾ ਅਨੂਯੋਗ ;-

ਆਚਾਰ ਦੇ ਵਿਆਖਿਆਂ ਕਰਨ ਵਾਲੇ ਗ੍ਰੰਥ

## 2 ਧਰਮ ਕਥਾ ਅਨੂਯੋਗ ;-

ਧਾਰਿਮਕ ਕਥਾਵਾਂ ਅਤੇ ਚਾਰਿੱਤਰ ਵਾਲੇ ਗ੍ਰੰਥ

## 3 ਗਣਿਤ ਅਨੂਯੋਗ —

ਗਣਿਤ ਦੇ ਵਿਸੇ ਤੇ ਚਾਨਣਾ ਪਾਉਣ ਵਾਲੇ ਗ੍ਰੰਥ

## 4 ਦਰੱਵ ਅਨੂਯੋਗ -

ਦਾਰਸਨਿਕ ਤੱਤਵਾ ਦੀ ਵਿਆਖਿਆ ਕਰਨ ਵਾਲੇ ਗ੍ਰੰਥ ਵਰਤਮਾਨ ਉਪਲੱਬਧ ਗ੍ਰੰਥ
(1) 12 ਅੰਗ (2) 12 ਉਪਾਂਗ (3) ਚਾਰ ਮੂਲ ਸੂਤਰ (4) 6 ਛੇਦ ਸੂਤਰ (10) ਪ੍ਰਕ੍ਰਿਣਕ

ਦਿਗੰਵਰ ਫਿਰਕੇ ਵਾਲੇ ਇਨ੍ਹਾਂ ਗ੍ਰੰਥਾਂ ਦੇ ਨਾਵਾ ਨੂੰ ਹੀ ਮਨਦੇ ਹਨ। ਉਨ੍ਹਾਂ ਦਾ ਵਿਸਵਾਸ ਹੈ ਕਿ ਇਹ ਸਾਰੇ ਗ੍ਰੰਥ ਨਸਟ ਹੋ ਚੁਕੇ ਹਨ। ਦਿਗੰਵਰ ਜੈਨ ਅਚਾਰਿਆ ਕੁੰਦ ਕੁੰਦ ਪੂਜਪਾਂਦ ਸਮੰਤ ਭੱਦਰ, ਅਕੰਲਕ, ਧਰਸੈਨ ਰਚਿਤ ਗ੍ਰੰਥਾਂ ਨੂੰ ਆਗਮਾ ਵਰਗਾ ਦਰਜਾ ਦਿੰਦੇ ਹਨ। ਵਿਸੇ ਪੱਖੋਂ ਸਵੇਤਾਂਵਰ ਤੇ ਦਿਗਵੇਰ ਗ੍ਰੰਥਾਂ ਵਿਚ ਖਾਸ ਮੱਤ ਭੇਦ ਨਹੀਂ ਦਿਗੰਵਰ ਜੈਨ ਫਿਰਕੇ ਦੇ ਸਮੇਂ ਸਾਰ, ਧੱਵਲਾ, ਜੇ ਧੱਵਲਾ, ਨਿਅਏ ਸਾਰ, ਪੁਰਾਣਿਕ ਸਾਹਿਤ ਦੀ ਜੈਨ ਧਰਮ

ਨੂੰ ਮਹੱਤਵ ਪੂਰਨ ਦੇਣ ਹੈ। ਦਿਗੰਵਰ ਸਾਹਿਤ ਪ੍ਰਾਕਿਤ ਭਾਸ਼ਾ ਤੋਂ ਛੁੱਟ ਸੰਸਕ੍ਰਿਤ, ਅਪਭ੍ਰੰਸ ਕਨੱਡ, ਗੁਜਰਾਤੀ ਤੇ ਤਾਮਿਲ ਵਿਚ ਆਮ ਮਿਲਦਾ ਹੈ।

# 12 ਅੰਗ ਆਚਾਰੰਗ

ਇਸ ਦੇ ਦੋ ਸਰੁਤ ਸਕੰਧ ਹਨ। ਭਾਸ਼ਾ ਪਖੋਂ ਇਸ ਦੀ ਅਰਧ ਮਾਗਧੀ ਕਾਫੀ ਪ੍ਰਾਚੀਨ ਹੈ ਪਹਿਲੇ ਸਰੁਤ ਸਕੰਧ ਦੇ ਸੱਤ ਅਧਿਐਨ ਹਨ ਅਧਿਐਨ ਦੇ ਨਾਂ ਤੇ ਵਿਸ਼ੇ ਇਹ ਪ੍ਰਕਾਰ ਹਨ। ਇਹ ਗ੍ਰੰਥਾਂ ਮੁਨੀ ਧਰਮ ਦਾ ਉਪਦੇਸ ਦਿਤਾ ਗਿਆ ਹੈ।

1 ਸਸਤਰ ਪਰਿਗਿਆ :- ਇਸ ਅਧਿਐਨ ਵਿਚ ਕਸਾਏ (ਕਰੋਧ, ਮਾਨ ਮਾਇਆ ਲੋਭ) ਰੂਪੀ ਸਸਤਰਾ (ਹਥਿਆਰਾ) ਦਾ ਗਿਆਨ ਹੈ। ਇਸ ਵਿਚ ਬੇਲੋੜੀ ਇਕ ਇਦਰੀਆ ਵਾਲੇ ਮਿਟੀ ਪਾਣੀ ਅੱਗ, ਹਵਾ ਤੇ ਪਾਣੀ ਦੇ ਜੀਵਾ ਦੀ ਹਿੰਸਾ ਤੋਂ ਬਚਨ ਦਾ ਉਪਦੇਸ 6 ਉਦੇਸਕਾ ਵਿਚ ਦਿਤਾ ਗਿਆ ਹੈ।

2 ਲੋਕ ਵਿਜੈ :- ਇਸ ਅਧਿਐਨ ਵਿਚ ਕਸ਼ਾਏ ਜਿੱਤ, ਵੈਰਾਗ, ਸੰਜਮ ਵਿਚ ਰਹਿਨਾ, ਭੋਜਨ ਹਿੰਸਾ, ਭੋਗਾ ਤੋਂ ਦੂਰ ਰਹਿਨ ਦਾ ਉਪਦੇਸ਼ ਦਿਤਾ ਗਿਆ ਹੈ।

3 ਸੀਤ ਉਸਨ :- ਇਸ ਅਧਿਐਨ ਦੇ 4 ਉਦੇਸਕਾ ਵਿਚ ਅਸੰਜਮੀ, ਸੌਣ ਵਾਲੇ ਜੀਵਾਂ ਦਾ ਹਸ਼ਰ ਚਿਤ ਸੁਧੀ, ਅਸੁਭ ਤਿਆਗ, ਪਾਪ ਕਰਮ ਤਿਆਗ ਤੇ ਸੰਜਮ ਦਾ ਸਾਨਦਾਰ ਵਰਨਣ ਹੈ।

4 ਸਮਿੱਕਤਵ :- ਇਸ਼ ਅਧਿਐਨ ਦੇ ਚਾਰ ਉਦੇਸਕਾ ਵਿਚ ਅਹਿੰਸਾ ਦਾ ਉਪਦੇਸ ਅਨਾਰਿਆਂ ਸੰਬਧੀ ਪ੍ਰਸਨੋਤਰ ਉਤਰ ਤੱਪ ਦੋਸ ਰਹਿਤ ਤੇ ਸਮਿਅਕ ਦਰਸਨ ਸਮਿੱਅਕ ਗਿਆਨ ਸਮਿੱਅਕ ਚਾਰਿਤਰ ਤੇ ਸਮਿਅਕ ਤੱਪ ਦਾ ਸਾਨਦਾਰ ਉਪਦੇਸ ਹੈ।

5 ਇਸ ਅਧਿਐਨ ਲੋਕ ਸਾਰ ਤੇ ਅਬਿਤਿ ਦੇ ਨਾਂ ਮਿਲਦੇ ਹਨ ਇਸ ਵਿਚ ਮੁਨੀ ਜੀਵਨ ਦੀ ਚਰਚਾ ਹੈ।

6 ਧੂਤ :- ਇਸ ਅਧਿਐਨ ਵਿਚ ਤ੍ਰਿਸਨਾ ਛੱਡਨ ਦਾ ਉਪਦੇਸ ਹੈ।

7 ਮਹਾਂ ਪਰਿਗਿਆ :- ਇਹ ਅਧਿਐਨ ਨਸਟ ਹੋ ਚੁਕਾ ਹੈ।

8 ਵਿਮੋਕਸ਼ ਤੇ ਵਿਮੋਹ :- ਇਸ ਅਧਿਐਨ ਦੇ 8 ਉਦੇਸ਼ਕ ਹਨ। ਇਨ੍ਹਾਂ ਉਦੇਸਕਾ ਵਿਚ ਮੁਨੀ ਨੂੰ ਆਪਣੇ ਅਚਾਰ ਤੋਂ ਉਲਟ ਮੁਨੀਆ ਨੂੰ ਮਿਲਣ ਦੀ ਮਨ੍ਹਾਹੀ, ਦੋਸ ਵਾਲੇ ਭੋਜਨ ਪਾਣੀ ਦੇ ਤਿਆਗ ਦਾ ਉਪਦੇਸ ਕਾਮ ਭੋਗ ਸੰਬਧੀ ਸੰਕਾ ਦੂਰ ਕਰਨ ਕਾਮ ਭੋਗ ਨੂੰ ਤਿਆਗ ਕੇ ਸੰਜਮ ਵਿਚ ਰਹਿਨ ਦਾ ਉਪਦੇਸ ਹੈ।

9 ਉਪਧਾਨ ਸਰੁਤ :- ਇਸ ਅਧਿਐਨ ਵਿਚ ਭਗਵਾਨ ਮਹਾਵੀਰ ਦੇ ਤੱਪਸਵੀ ਜੀਵਨ ਦਾ ਇਤਹਾਸਕ ਅਧਿਆਤਮਕ ਉਪਦੇਸ ਹੈ।

## ਦੂਸਰਾ ਸਰੁਤ ਸਕੰਧ

ਇਹ ਭਾਸਾ ਪਖੋਂ ਸਰਲ ਹੈ। ਇਸ ਦੀ 5 ਚੂਲੀਕਾਵਾਂ ਮੰਨੀਆਂ ਜਾਦੀਆਂ ਹਨ। 4 ਚੂਲੀਕਾ

ਗ੍ਰੰਥਾਂ ਦਾ ਭਾਗ ਹਨ। ਇਕ ਚੂਲੀਕਾ ਵਿਸਥਾਰ ਵਾਲੀ ਹੋਣ ਕਾਰਣ ਨਸਿਥ ਸੂਤਰ ਦੇ ਨਾਂ ਨਾਲ ਪ੍ਰਸਿਧ ਹੈ।

ਆਚਾਰੰਗ ਦੀਆ ਇਨ੍ਹਾਂ ਚੁਲਿਕਾਂਵਾ ਵਿਚ ਪਹਿਲੀ ਚੂਲੀਕਾ ਵਿਚ 7 ਅਧਿਐਨ ਦੂਸਰੀ ਵਿਚ 7 ਅਧਿਐਨ ਤੀਸਰੀ ਤੇ ਚੋਥੀ ਚੂਲੀਕਾ ਵਿਚ ਇੱਕ ਇੱਕ ਅਧਿਐਨ ਹਨ। ਪਹਿਲੀ ਚੂਲੀਕਾ ਦੇ ਅਧਿਐਨ ਦੇ ਨਾਂ ਤੇ ਵਿਸ਼ੇ ਇਸ ਪ੍ਰਕਾਰ ਹਨ।

1 ਪਿੰਡ ਏਸ਼ਨਾ (ਭੋਜਨ ਸੰਬਧੀ) 2 ਸੈਯਾ ਏਸ਼ਨਾ (ਤਖਤਪੋਸ ਸੰਬਧੀ) 3 ਈਰੀਆ ਏਸ਼ਨਾ (ਚਲਨ ਫਿਰਨ ਸਬੰਧੀ) 4 ਭਾਸਾ ਜਾਤ ਏਸ਼ਨਾ (ਭਾਸਾ ਸਬੰਧੀ) 6 ਪਾਤਰ ਏਸ਼ਨਾ (ਵਰਤਨਾ ਸਬੰਧੀ) 7 ਅਵਿਗ੍ਰਹਿ ਏਸ਼ਨਾ ਚਲਨ ਫਿਰਨ ਦੇ ਸਥਾਨ ਦੀ ਮਰਿਆਦਾ

ਦੂਸਰੀ ਚੂਲੀਕਾ ਦੇ ਅਧਿਐਨ ਤੇ ਉਨ੍ਹਾਂ ਦਾ ਵਿਸ਼ੇ ਇਸ ਪ੍ਰਕਾਰ ਹਨ 1 ਸਥਾਨ 2 ਨਿਸਿਧਿਕਾ (ਪੜਨ ਤੇ ਧਿਆਨ ਕਰਨ ਦੀ ਜਗਾ) 3 ਉਚਾਰ ਪ੍ਰਸ਼ਤਰਵਨ (ਟੱਟੀ ਪੇਸਾਬ ਸੰਬਧੀ) 4 ਸ਼ਬਦ 5 ਰੂਪ 6 ਪਰਚਿਆ ਦੂਸਰੇਆ ਰਾਹੀ ਕੀਤੀ ਜਾਨਵਾਲੀ ਸੇਵਾ ਕ੍ਰਿਆ 7 ਅਨਿਉਅਨਿਆ ਕ੍ਰਿਆ ਆਪਸ ਵਿਚ ਕੀਤੀ ਜਾਨ ਵਾਲੀ ਗਲਤ ਕ੍ਰਿਆ, ਭਾਵਨਾ, ਚਿੰਤਨ, ਵੀਤਰਾਗਤਾ ਤੀਸਰੀ ਚੂਲੀਕਾ ਦੇ ਭਾਵਨਾ ਅਧਿਐਨ ਵਿਚ ਭਗਵਾਨ ਮਹਾਵੀਰ ਦੇ ਮਾਤਾ ਪਿਤਾ ਪਰਿਵਾਰ ਸੰਬਧੀ ਜਾਣਕਾਰੀ ਜੀਵਨ ਪੰਜ ਮਹਾਵਰਤਾ ਦੀਆ 28 ਭਾਵਨਾਵਾ ਹਨ।

ਚੋਥੀ ਚੂਲੀਕਾ ਦਾ ਨਾਂ ਵਿਮੁਕਤੀ ਹੈ ਭਿੰਨ ਭਿੰਨ ਉਪਮਾਵਾ ਰਾਹੀ ਵੀਤਰਾਗਤਾ ਦਾ ਵਰਨਣ ਹੈ। ਇਸ ਗ੍ਰੰਥਾਂ ਦੇ ਕਈ ਸਬਦ ਪੁਰਾਤਨ ਬੁੱਧ ਪ੍ਰੰਪਰਾ ਵਿਚ ਵੀ ਮਿਲਦੇ ਹਨ।

# ਸੂਤਰ ਕ੍ਰਿਤਾਂਗ

ਇਹ ਪ੍ਰਾਚੀਨ ਦਾਰਸ਼ਨਿਕ ਚਰਚਾਵਾਂ ਨਾਲ ਭਰਪੂਰ ਗ੍ਰੰਥ ਹੈ ਇਸ ਵਿਚ ਦੋ ਸਰੁਤ ਸਕੰਧ ਹਨ। ਇਸ ਗ੍ਰੰਥ ਵਿਚ ਭਗਵਾਨ ਮਹਾਵੀਰ ਦੇ ਸਮੇ ਦੇ 363 (180 ਕਿਆਵਾਦੀਆ 84 ਅਕ੍ਰਿਆਵਾਦੀ 68 ਅਗਿਆਨ ਵਾਦੀਆ 32 ਵਿਨੈ ਵਾਦੀਆ) ਦਾ ਵਰਨਣ ਪ੍ਰਮੁਖ ਹੈ। ਪ੍ਰਹਿਲੇ ਸਰੁਤ ਸਕੰਧ ਦੇ 23 ਅਧਿਐਨਾ ਦੇ ਨਾਂ ਤੇ ਵਿਸ਼ੇ ਇਸ ਪ੍ਰਕਾਰ ਹਨ।

1 ਸਮੇ :- ਇਸ ਅਧਿਐਨ ਵਿਚ ਆਪਣੇ ਸਿਧਾਤ ਦੀ ਜਾਣਕਾਰੀ ਅਤੇ ਦੂਸਰੇ ਏਕਾਂਤਵਾਦੀ ਫਿਰਕੇਆ ਦਾ ਖੰਡਨ ਕੀਤਾ ਗਿਆ ਹੈ। ਪਹਿਲੇ ਉਦੇਸਕ ਵਿਚ ਬੰਧਨ, ਦੂਸਰੇ ਉਦੇਸਕ ਵਿਚ ਮੰਖਲੀਪੁਤਰ ਗੋਸਾਲਕ ਦੇ ਨਿਅਤੀਵਾਦ ਅਗਿਆਨਵਾਦ ਕਰਮਵਾਦ ਵਰਨਣ ਹੈ। ਤੀਸਰੇ ਉਦੇਸ਼ਕ ਵਿਚ ਸਾਧੂ ਨੂੰ ਆਪਣੇ ਲਈ ਤਿਆਰ ਭੋਜਨ, ਕਪੜਾ, ਪਾਤਰ ਤੇ ਜਗਾ ਗ੍ਰਹਿਣ ਕਰਨ ਦੀ ਮਨਾਹੀ ਕੀਤੀ ਗਈ ਹੈ। ਅਵਤਾਰਵਾਦ ਦਾ ਖੰਡਨ ਹੈ। ਚੋਥੇ ਉਦੇਸ਼ਕ ਵਿਚ ਸਾਧੂ ਆਪਣੇ ਨਿਅਮ ਤੋਂ ਚਲਦੇ ਹੋਏ, ਹੋਰ ਦਾਰਸਨਿਕ ਤੋਂ ਸਾਵਧਾਨ ਕੀਤਾ ਗਿਆ ਹੈ।

2 ਵੇਤਾਲਿਕ :- ਇਹ ਅਧਿਐਨ ਦੇ ਛੰਦ ਦਾ ਨਾਂ ਹੈ ਪਹਿਲਾ ਉਦੇਸਕ ਵਿਚ ਮੌਤ ਦੀ ਅਟੱਲਤਾ ਦੂਸਰੇ ਉਦੇਸਕ ਵਿਚ ਮੁਨੀ ਨੂੰ ਰਾਜ ਦੇ ਮੇਲ ਮਿਲਾਪ ਤੋਂ ਸਾਵਧਾਨ ਕੀਤਾ ਗਿਆ ਹੈ। ਤੀਸਰੇ

ਉਦੇਸਕ ਵਿਚ ਮਹਾਵਰਤਾ ਤੇ ਰਾਤਰੀ ਭੋਜਨ ਤਿਆਗ ਦਾ ਵਰਨਣ ਹੈ ।

3 ਉਪਸਰਗ ;- ਇਸ ਅਧਿਐਨ ਵਿਚ ਸਾਧੂ ਨੂੰ ਰੋਜਾਨਾ ਆਉਣ ਵਾਲੀਆ ਰੁਕਾਵਟਾਂ ਦਾ ਦੋ ਉਦੇਸਕਾ ਵਿਚ ਜਿਕਰ ਹੈ । ਪਹਿਲੇ ਉਦੇਸਕ ਵਿਚ 22 ਪਹਿਸ਼ੇ ਅਤੇ ਦੂਸਰੇ ਉਦੇਸਕ ਰਿਸਤੇਦਾਰ ਰਾਹੀ ਸਾਧੂ ਜੀਵਨ ਵਿਚ ਰਕਾਵਟਾਂ ਦਾ ਜਿਕਰ ਹੈ । ਤੀਸਰੇ ਉਦੇਸ਼ਕ ਵਾਸਨਾਵਾ ਤੋਂ ਸਾਵਧਾਨ ਕਰਦਾ ਹੈ । ਚੋਥੇ ਉਦੇਸਕ ਵਿਵ ਸਾਧੂ ਨੂੰ ਕੁਤਰਕਾ ਤੋਂ ਸਾਵਧਾਨ ਕੀਤਾ ਗਿਆ ਹੈ ।

4 ਇਸਤਰੀ ਪਰਿਗਿਆ :- ਇਸ ਅਧਿਐਨ ਦੇ ਦੋ ਉਦੇਸਕ ਵਿਚ ਬ੍ਰਹਮਚਰਜਾ ਵਿਚ ਰੁਕਾਵਟ ਇਸਤਰੀਆਂ ਪ੍ਰਤਿ ਸਾਵਧਾਨ ਕੀਤਾ ਗਿਆ ਹੈ ।

5 ਨਰਕ ਵਿਭੱਕਤੀ:- ਇਸ ਅਧਿਐਨ ਦੇ ਦੋ ਉਦੇਸਕ ਵਿਚ ਨਰਕ, ਨਰਕ ਦਾ ਕਾਰਣ, ਨਰਕ ਦੇ ਦੁੱਖਾ ਦਾ ਵਰਨਣ ਹੈ ।

6 ਵੀਰਸਤਵ :- ਜਰਮਨ ਨਿਵਾਸੀ ਡਾਕਟਰ ਮੇਟੇ ਅਨੁਸਾਰ ਇਹ ਭਗਵਾਨ ਮਹਾਵੀਰ ਦੀ ਸਤੁਤੀ ਹੀ ਨਹੀਂ, ਸਗੋਂ ਸੰਸਾਰ ਦੀ ਸਭ ਤੋਂ ਪੁਰਾਤਨ ਕਵਿਤਾ ਹੈ ।

7 ਕੁਸੀਲ :- ਅਸੁਧ ਮੁਨੀ ਅਤੇ ਹੋਰ ਅਚਾਰ ਦੇ ਪੰਪਰਾਂਵਾ ਦਾ ਜਿਕਰ ਇਸ ਅਧਿਐਨ ਵਿਚ ਹੈ ।

8 ਵੀਰਜ ;- ਇਸ ਦਾ ਨਾਂ ਪਰਾਕ੍ਰਮ ਵੀ ਹੈ । ਵੀਰਜ ਦਾ ਅਰਥ ਇਕ ਆਤਮਿਕ ਸ਼ਕਤੀ ਹੈ । ਇਥੇ ਵੀਰਜ ਦੇ ਦੋ ਭੇਦ ਬਾਲ ਵੀਰਜ ਤੇ ਪੰਡਤ ਵੀਰਜ ਦਾ ਵਰਨਣ ਹੈ ।

10 ਸਮਾਧੀ :- ਸਮਾਧੀ ਦਾ ਅਰਥ ਆਤਮਾ ਦੇ ਅੰਦਰਲਾ ਸੁੱਖ ਹੈ । ਇਥੇ ਆਤਮਾ ਨੂੰ ਸਮਾਧੀ ਵੱਲ ਲਗਾਉਣ ਦਾ ਉਪਦੇਸ਼ ਹੈ ।

11 ਮਾਰਗ :- ਇਸ ਦਾ ਵਿਸ਼ੇ ਦਸਵੇ ਅਧਿਐਨ ਵਰਗਾ ਹੀ ਹੈ ।

12 ਸਮੋਸਰਨ :- ਇਥੇ ਸਮੋਸਰਨ ਦਾ ਅਰਥ ਦੂਸਰੇ ਧਰਮ ਉਪਦੇਸਕਾ ਦਾ ਇਕਠ ਹੈ । ਇਥੇ 363 ਮੱਤਾ ਦਾ ਵਰਨਣ ਹੈ ।

13 ਯੱਥਾਤੱਥ :- ਇਸ ਦਾ ਭਾਵ ਹੈ ਅਸਲਾ ਪਰਮਾਰਥ । ਜੋ ਵਸਤੂ ਹੈ । ਉਸਦਾ ਉਸੇ ਤਰਾਂ ਵਰਨਣ ਕਰਨਾ ਅਧਿਐਨ ਵਿਚ ਚੇਲੇ ਦੇ ਗੁਣ ਦੋਸ਼ ਦਾ ਵਰਨਣ ਹੈ ।

14 ਇਸ ਅਧਿਐਨਾ ਵਿਚ ਅੰਦਰਲੀ ਤੇ ਬਾਹਰਲੀਆ ਗੰਢਾ ਦਾ ਵਰਨਣ ਹੈ ।

15 ਆਦਾਨ :- ਇਸ ਅਧਿਐਨ ਵਿਚ ਵਿਵੇਕ ਦੀ ਕਮਜੋਰੀ, ਸੰਜਮਫਲ, ਭਗਵਾਨ ਮਹਾਵੀਰ ਜਾਂ ਵੀਤਰਾਗੀ ਪੁਰਸ ਦਾ ਸੁਭਾਅ ਦਾ ਵਰਨਣ ਹੈ ।

16 ਗਾਥਾ :- ਇਸ ਅਧਿਐਨ ਵਿਚ ਸੱਚੇ ਬ੍ਰਾਹਮਣ, ਸ੍ਰਮਣ ਭਿਖਸ਼ੂ ਤੇ ਗ੍ਰੰਥੰ ਦੀ ਪਰਿਭਾਸਾ ਹੈ ।

17 ਪੁੰਡਰਿਕ :- ਇਸ ਅਧਿਐਨ ਵਿਚ ਹੋਰ ਮੱਤਾ ਦੇ ਦਰਸ਼ਨ ਦੀ ਚਰਚਾ ਕੀਤੀ ਗਈ ਹੈ । ਸੰਸਾਰ ਰੂਪੀ ਸਰੋਵਰ ਵਿਚ, ਸਫੇਦ ਕਮਲ ਨੂੰ ਸੱਚਾ ਭਿਖਸ਼ੂ ਪ੍ਰਾਪਤ ਕਰਦਾ ਹੈ ।

ਇਹ ਅਧਿਐਨ ਆਖਦਾ ਹੈ । 'ਸੰਸਾਰ ਰੂਪੀ ਤਲਾਵ ਹੈ । ਇਸ ਵਿਚ ਕਰਮ ਰੂਪੀ ਪਾਣੀ ਹੈ ਤੇ ਕਾਮ ਭੋਗ ਰੂਪੀ ਚਿਕੜ ਹੈ । ਪੁੰਡਰਿਕ ਰਾਜਾ ਹੈ ਸਰੋਵਰ ਦੇ ਚਹੁ ਪਾਸੋ ਆਉਣ ਵਾਲੇ ਵਿਚਾਰਕ

ਹਨ।

1 ਤੱਛ ਜੀਬਤ ਇਛੱਰਵਾਦੀ (ਨਾਸਤਿਕ) 2 ਭੂਤਵਾਦੀ (ਪੰਜਮਹਾਭੂਤ ਤੇ ਆਤਮਾ ਨੂੰ ਸਭ ਕੁਝ ਸਮਝਣ ਵਾਲੇ) 3 ਈਸ਼ਵਰ ਵਾਦੀ 4 ਨਿਅਤੀਵਾਦੀ (ਮੁਕੱਦਰ ਤੇ ਵਿਸਵਾਸ ਕਰਨ ਵਾਲੇ

18 ਕ੍ਰਿਆ ਸਥਾਨ :- ਹਰਕੰਮ ਦਾ ਕੋਈ ਕਾਰਣ ਹੁੰਦਾ ਹੈ ਇਸ ਅਧਿਐਨ ਵਿਚ ਕਰਮ ਕ੍ਰਿਆ ਤੇ 12 ਪ੍ਰਕਾਰ ਦੀ ਅਧਰਮ ਕ੍ਰਿਆਵਾ ਦਾ ਵਰਨਣ ਹੈ।

19 ਅਹਾਰ ਪਰਿਗਿਆ :- ਇਸ ਅਧਿਐਨ ਵਿਚ ਤਰੱਸ ਤੇ ਸਥਾਵਰ ਜੀਵਾਂ ਦੇ ਜਨਮ ਤੇ ਭੋਜਨ ਦਾ ਜ਼ਿਕਰ ਹੈ।

20 ਪ੍ਰਤਿਖਿਆਨ :- ਅਹਿੰਸਾ ਆਦਿ ਮੂਲ ਗੁਣ ਅਤੇ ਸਮਾਇਕ ਆਦਿ ਦੇ ਆਚਰਨ ਵਿਚ ਰੁਕਾਵਟਾ ਦਾ ਵਰਨਣ ਇਸ ਅਧਿਐਨ ਦਾ ਵਿਸ਼ਾ ਹੈ। ਪਾਪਕਾਰੀ ਅਸੰਜਮ ਤੇ ਪ੍ਰਤਿਖਿਆਨ (ਤਿਆਗ) ਹੀ ਇਸ ਵਿਚ ਹੈ।

21 ਆਚਾਰ ਸਰੁਤ :- ਗਿਆਨੀ ਹੀ ਸੁਧ ਆਚਰਨ ਦੀ ਪਾਲਨ ਕਰ ਸਕਦਾ ਹੈ। ਇਸ ਅਧਿਐਨ ਵਿਚ ਏਕਾਂਤਵਾਦੀ ਮਾਨਤਾਵਾ ਦਾ, ਏਕਾਤਵਾਦੀ ਮਾਨਤਾਵਾ ਨਾਲ ਖੰਡਨ ਕੀਤਾ ਗਿਆ ਹੈ।

22 ਆਦਰਕ ਕੁਮਾਰ ;- ਇਹ ਗ੍ਰੰਥਾਂ ਵਾਲੇ ਅਧਿਐਨ ਵਿਚ ਮਗਧ ਦੇ ਰਾਜਾ ਸ੍ਰੇਣਿਕ ਦੇ ਪੁਤਰ ਅਭੇਕੁਮਾਰ ਦੇ ਦੋਸਤ ਅਦਨ ਦੇ ਸਹਿਜਾਦੇ ਆਦਰਕ ਕੁਮਾਰ ਦਾ ਵਿਰਤਾਂਤ ਹੈ ਜਿਸਨੇ ਹੋਰ ਮਤਾਂ ਨਾਲ ਚਰਚਾ ਕਰਕੇ 500 ਸਾਥਿਆਂ ਨਾਲ ਸਾਧੂ ਜੀਵਨ ਗ੍ਰਹਿਣ ਕੀਤਾ।

23 ਨਾਲੰਦਾ :- ਇਸ ਅਧਿਐਨ ਦੀ ਰਚਨਾ ਰਾਜਗ੍ਰਿਹੀ ਦੇ ਇਕ ਭਾਗ ਨਾਲੰਦਾ ਵਿਖੇ ਹੋਏ ਸੀ ਇਸ ਅਧਿਐਨ ਵਿਚ ਗਣਧਾਰ ਗੌਤਮ ਇੰਦਰ ਭੂਤੀ ਦੇ 23 ਤੀਰਥੰਕਾਰ ਪਾਰਸਾਵਨਾਥ ਦੇ ਚੈਲੇ ਪੇਡਾਲ ਪੁਤਰ ਨਾਲ ਚਰਚਾ ਦਾ ਵਰਨਣ ਹੈ।

## ਸਥਾਨੰਗ ਅਤੇ ਸਮਵਯਾਂਗ

ਇਹ ਦੋਹੇ ਸੂਤਰ ਇੱਕ ਹੀ ਸੈਲੀ ਵਿੱਚ ਹਨ। ਇਹ ਗ੍ਰੰਥ ਇੱਕ ਗ੍ਰੰਥ ਕੋਸ਼ ਆਖੇ ਜਾ ਸਕਦੇ ਹਨ। ਤੱਤਵਾ ਨੂੰ ਯਾਦ ਰੱਖਣ ਲਈ ਇਸ ਦੀ ਰਚਨਾਂ ਹੋਈ ਹੈ। ਸਥਾਨੰਗ ਵਿੱਚ ਇੰਦਰੀਆਂ ਦੇ ਨੌ ਗੁਣ, ਸੱਤ ਨਿਨੱਹਵ, ਪ੍ਰਵਜਿਆਂ, ਸਥਵਿਰ, ਰਜੋਹਰਨ, ਲਖਣ ਪੱਦਤੀ, ਗਰਭਧਾਰਨ, ਭੁਚਾਲ ਨਦੀਆਂ, ਰਾਜਧਾਨੀਆ ਵਰਖਾ ਦਾ ਵਿਸਥਾਰ ਨਾਲ ਜਿਕਰ ਹੈ। 24 ਤੀਰਥੰਕਰ ਵਾਰੇ ਸੰਖੇਪ ਜਾਣਕਾਰੀ ਵੀ ਹੈ। ਸਮਵਯਾਂਗ ਵਿੱਚ ਇੱਕ ਸੰਖਿਆ ਵਾਲੇ ਸੂਤਰ ਦੇ ਵਿੱਚ ਕਿਹਾ ਗਿਆ ਹੈ। ਕੁੱਝ ਜੀਵ ਇੱਕ ਜਨਮ ਵਿੱਚ ਸਿੱਧ ਹੁੰਦੇ ਹਨ। ਇਸ ਤਰਾ 2 ਤੋਂ 33 ਸੰਖੀਆ ਤੱਕ ਜੀਵ ਦੇ ਮੋਕਸ਼ ਜਾਣ ਦਾ ਵਰਨਣ ਹੈ। ਇਸ ਗ੍ਰੰਥ ਵਿੱਚ 18 ਪ੍ਰਕਾਰ ਦੀ ਲਿਪੀ ਦੀ ਜਾਣਕਾਰੀ ਮਿਲਦੀ ਹੈ।

ਦੋਹਾਂ ਗ੍ਰੰਥਾਂ ਦੀ ਸੈਲੀ ਬੁੱਧ ਧਰਮ ਦੇ ਅਗੁੰਤਰ ਨਿਕਾਏ, ਪੁਗਲ ਪਜਤੀ, ਮਹਾ ਵਿਉਤ ਪੱਤਿ ਅਤੇ ਧਰਮ ਸੰਗ੍ਰਹਿ ਦੀ ਤਰਾਂ ਹੈ। ਵੈਦਿਕ ਪ੍ਰੰਪਰਾ ਵਿੱਚ ਮਹਾਭਾਰਤ ਦਾ ਬਨਪਰਬ (ਅਧਿਐਨ

134) ਇਸ ਸੈਲੀ ਦਾ ਹੈ। ਸਿਧਾਂਤ ਯਾਦ ਕਰਣ ਦਾ ਇਹ ਗ੍ਰੰਥ ਪੁਰਾਤਨ ਤਰੀਕਾ ਦਸਦੇ ਹਨ। ਸਥਾਨੰਗ ਵਿਚ ਪਹਿਲਾ 42102 ਪਦ ਸਨ ਹੁਣੇ 3770 ਸਲੋਕ ਪ੍ਰਮਾਣ ਹਨ ਸਮਵਯਾਂਗ ਵਿੱਚ ਪਹਿਲਾ 164000 ਪਦ ਸਨ ਹੁਣ 1667 ਸ਼ਲੋਕ ਹਨ।

# ਭਗਵਤੀ

ਇਸ ਦਾ ਦੂਸਰਾ ਨਾਂ ਵਿਆਖਿਆ ਪਰਿਗਿਪਤਿ ਹੈ। ਇਸ ਗ੍ਰੰਥ ਵਿੱਚ ਭਗਵਾਨ ਮਹਾਂਵੀਰ ਤੇ ਗਣਧਰ ਇੰਦਰਭੂਤੀ ਦੇ 36000 ਪ੍ਰਸ਼ਨ ਉੱਤਰ ਹਨ। ਸਾਰੇ ਗ੍ਰੰਥਾਂ ਇਸ ਨੂੰ ਜੈਨ ਵਿਸ਼ਵ ਕੋਸ਼ ਆਖਿਆ ਜਾ ਸਕਦਾ ਹੈ। ਇਸ ਵਿਚ ਤੱਤਵ ਚਰਚਾ, ਇਤਿਹਾਸ, ਸਵਰਗ, ਨਰਕ, ਦੇਵਤਾ ਹੋਰ ਅਨੇਕਾ ਵਿਸਿਆਂ ਦੇ ਚਾਨਣ ਪਾਇਆ ਗਿਆ ਹੈ। ਕਈ ਪ੍ਰਸਨ ਭੂਗੋਲ, ਖਗੋਲ, ਸੁਪਨੇਆ ਦੇ ਕਰਮ ਸੰਬੰਧੀ ਹਨ। ਇਸ ਗ੍ਰੰਥ ਵਿੱਚ ਜਮਾਲੀ, ਸ਼ਿਵਰਾਜ, ਰਿਸੀ, ਪਰਿਵਾਰਾਜਕ, ਤਾਪਸ ਕੋਣਿਕ, ਮਹਾਸਿਲਾ ਕੰਟਕ ਲੜਾਈ, ਅਤੇ ਯੁਧ ਭਾਵਨਾ ਦਾ ਖੰਡਨ ਮਿਲਦਾ ਹੈ। ਅਤਿਮਕਤ ਵਾਯਭੂਤੀ ਦੇ ਪ੍ਰਸਨ ਗਾਂਗੇ ਦੇ ਪ੍ਰਸ਼ਨ, ਕਾਰਤਿਕ ਸੇਠ, ਮਾਕੰਦੀ ਸੇਠ, ਗਣਧਰ ਗੋਤਮ ਤੇ ਪਾਰਸ਼ਨਾਥ ਦੇ ਚੇਲੀਆਂ ਦੀਆਂ ਚਰਚਾਵਾਂ, ਭਗਵਾਨ ਮਹਾਂਵੀਰ ਦਾ ਜੀਵਨ ਆਦਿ ਦਾ ਇਤਿਹਾਸਕ ਵਰਨਣ ਹੈ। ਪਹਿਲਾ ਇਸ ਗ੍ਰੰਥ ਵਿਚ 2288000 ਪਦ ਸਨ ਹੁਣ 15752 ਸਲੋਕ ਪ੍ਰਮਾਣ ਹੈ।

# ਗਿਆਤਾ ਧਰਮ ਕਥਾਂਗ

ਇਸ ਆਗਮ ਵਿੱਚ ਧਰਮ ਕਥਾਵਾ ਹਨ। ਇਸ ਗ੍ਰੰਥ ਦੇ ਦੋ ਸਕੰਧ ਹਨ। ਪਹਿਲੇ ਸਕੰਧ ਦੇ ਪਹਿਲੇ ਅਧਿਐਨ ਵਿਚ ਉਸ ਸਮੇ ਦੇ ਸਮਾਜ ਅਤੇ ਕਲਾ ਦਾ ਵਰਨਣ ਹੈ। ਬਾਕੀ ਅਧਿਐਨ ਦੇ ਨਾਂ ਇਸ ਪ੍ਰਕਾਰ ਹਨ।

1 ਮੇਘ ਕੁਮਾਰ 2 ਧੰਨਾ ਸਾਰਥਵਾਹ 3 ਮੋਰ ਦੇ ਅੰਡੇ 4 ਦੋ ਕਛੂ 5 ਥਾਵਚਾ ਪੁਤਰ 6 ਤੂੰਬਾ 7 ਰੋਹਣੀ 8 ਮ.ਹਾ.ਵੀ ਇਸਤਰੀ ਤੀਰਥੰਕਰ ਭਗਵਾਨ ਮਲੀ ਨਾਥ 9 ਜਿਨ ਰਕਸਕ ਜਿਨਪਾਲ 10 ਚਦਰਮਾ 11 ਬ੍ਰਿਖ 12 ਸੁਬਧੀ ਪ੍ਰਧਾਨ 13 ਨੰਦਨ ਮਨਿਆਰ 14 ਤੇਤਲੀ ਪ੍ਰਧਾਨ 15 ਨੰਦੀ ਫਲ 16 ਦਰੋਪਤੀ 17 ਆਕੀਰਨ ਦੇਸ਼ਦਾ ਘੋੜਾ 18 ਸੁਸ਼ਮਾ ਪੁਤੀ 19 ਪੁੰਡਰਿਕ ਕੁੰਡਰਿਕ, ਇਨਾਂ ਕਥਾਵਾ ਵਿਚ ਦਿਆਲਤਾ, ਸੱਚ, ਸੀਲ ਆਦਿ ਉਤਮ ਭਾਵ ਪ੍ਰਗਟਾਏ ਗਏ ਹਨ। ਦੂਸਰੇ ਸਰੁਤ ਸਕੰਧ ਵਿਚ 206 ਅਧਿਐਨ ਹਨ। ਉਨ੍ਹਾਂ ਵਿਚ ਭਗਵਾਨ ਪਾਰਸ਼ਨਾਥ ਜੀ ਦੀਆ 206 ਸਾਧਵੀਆ ਸੰਜਮ ਤੋਂ ਡਿਗਨ ਦਾ ਵਰਨਣ ਹੈ। ਜੋ ਮਰਕੇ ਦੇਵ ਲੋਕ ਵਿਚ ਦੇਵੀਆ ਹੋਈਆ। ਪਹਿਲਾ ਇਸ ਸੂਤਰ ਵਿਚ 5556000 ਪਦ ਤੇ ਤਿੰਨ ਕਰੋੜ ਕਥਾਵਾ ਸਨ ਹੁਣ ਸਿਰਫ ਗ੍ਰੰਥ 5500 ਸਲੋਕ ਪ੍ਰਮਾਣ ਹੈ।

# ਉਪਾਸਕ ਦਸਾਂਗ

ਸਾਰੇ ਆਗਮ ਸ਼ਹਿਤ ਇਕ ਆਗਮ ਅਜਿਹਾ ਵੀ ਹੈ। ਜੋ ਭਗਵਾਨ ਦੁਆਰਾ ਦਰਸਾਏ ਗ੍ਰਹਿਸਥ ਧਰਮ ਦੀ ਜਾਣਕਾਰੀ ਦਿੰਦਾ ਹੈ। ਇਸ ਆਗਮ ਦੇ 10 ਅਧਿਐਨ ਕਥਾ ਦੇ ਰੂਪ ਵਿਚ ਵਾਰਤਕ ਹਨ। ਭਗਵਾਨ ਮਹਾਵੀਰ ਦੇ 10 ਪ੍ਰਮੁੱਖ ਸ੍ਰਾਵਕਾ ਦਾ 12 ਵਰਤ ਰੂਪੀ ਧਰਮ ਤੇ ਦਰਿੜ ਰਹਿਣਾ ਦੀਆਂ ਚਰਚਾਵਾਂ ਵਿੱਚ ਮਨੁੱਖ ਤਾਂ ਕੀ, ਦੇਵਤੀਆਂ ਨੂੰ ਹਰਾਉਣਾ ਇਨ੍ਹਾਂ ਗ੍ਰੰਥਾਂ ਦਾ ਵਿਸ਼ਾ ਹੈ। 10 ਅਧਿਐਨਾਂ ਦੇ ਨਾਂ ਇਸ ਤਰਾਂ ਹਨ।

1 ਆਨੰਦ 2 ਕਾਮਦੇਵ 3 ਚੁਲੇਣੀ ਪਿਤਾ 4 ਸੂਰਾਦੇਵ 5 ਚੁਲਸ਼ਤਕ 6 ਕੁੰਡ ਕੋਲਿਕ 7 ਸਧਾਲ ਪੁਤਰ 8 ਮਹਾਸ਼ਤਕ 9 ਨੰਦਨੀ ਪਿਤਾ 10 ਸਾਲਿਹੀ ਪਿਤਾਂ ਸਾਰੇ ਉਪਾਸਕ ਕਰੋੜਾ ਦੀ ਸੰਪਤਿ ਦੇ ਧਨੀ ਹਨ। ਪਸੂ ਪਾਲਣ, ਵਿਉਪਾਰ, ਖੇਤੀ ਬਾੜੀ ਆਦਿ ਦਾ ਕੰਮ ਕਰਦੇ ਹਨ। ਪਹਿਲਾ ਇਸ ਦੇ ਪਦ 1170000 ਸਨ। ਹੁਣ ਸਿਰਫ 812 ਸਲੋਕ ਪ੍ਰਮਾਣ ਹੈ ।

# ਅੰਤਕ੍ਰਿਤ ਦਸਾਂਗ

ਇਹ ਆਗਮ ਵੀ ਕਥਾ ਪ੍ਰਧਾਨ ਹੈ। ਇਸ ਵਿੱਚ ਉਨ੍ਹਾ ਆਤਮਾਵਾ ਦਾ ਜ਼ਿਕਰ ਹੈ। ਜੋ ਭਗਵਾਨ ਮਹਾਵੀਰ ਦੇ ਸਮੇ ਮੁਕਤੀ. ਗਈਆ। ਇਸ ਸੂਤਰ ਦੇ 8 ਵਰਗ ਹਨ। ਪਹਿਲੇ ਵਰਗ ਦੇ ਦਸ ਅਧਿਐਨ ਹਨ। 1 ਗੋਤਮ 2 ਸਮੁਦਰ 3 ਸਾਗਰ 4 ਗੰਭੀਰ, 6 ਅਚਲ 7 ਕੰਪਿਲ 8 ਅਕਸੋਭ 10 ਵਿਸਨੂੰ। ਇਹਨਾਂ ਅਧਿਐਨਾਂ ਵਿੱਚ ਦਵਾਰਕਾ ਨਗਰੀ ਤੇ ਕ੍ਰਿਸਨ ਦੇ ਪਰਿਵਾਰ ਦਾ ਅਨੇਕਾ ਲੋਕ ਦੇ ਸਾਧੂ ਬਨਣ ਦਾ ਜ਼ਿਕਰ ਹੈ। ਇਹ ਸਾਰੇ ਜੈਨ ਪ੍ਰੰਪਰਾ ਅਨੁਸਾਰ ਅੱਜ ਤੋਂ 87000 ਸਾਲ ਪਹਿਲਾ ਭਗਵਾਨ ਨੇਮੀਨਾਥ ਦੇ ਸਮੇ ਹੋਏ ਸਨ। 2 ਦੂਸਰੇ ਵਰਗ ਵਿੱਚ ਅਕਸੋਭ, ਸਾਗਰ ਅਨੇਕ ਵਰਿਸਨੀ ਦੇ 8 ਪੁਤਰਾਂ ਜ਼ਿਕਰ ਹੈ।

3 ਤੀਸਰੇ ਵਰਗ ਵਿੱਚ 13 ਨਾਂ ਹਨ ਸਕੁਮਾਰ ਪ੍ਰਮੁੱਖ ਨਾਂ ਰਾਜ ਕੁਮਾਰ ਮੁਨੀ ਦਾ ਵਰਨਣ ਹੈ।

4 ਚੋਥੇ ਵਰਗ ਦੇ ਜਾਲੀ ਆਦਿ ਰਾਜ ਕੁਮਾਰ ਦੇ ਅਧਿਐਨ ਹਨ।

5 ਪੰਜਵੇ ਵਰਗ ਵਿੱਚ ਪਦਮਾਵਤੀ ਆਦਿ 10 ਰਾਣਿਆਂ ਦੀ ਕਥਾਵਾ ਦਵਾਰਕਾ ਦੇ ਵਿਨਾਸ਼ ਦੀ ਭਵਿਖਵਾਣੀ ਦਰਜ ਹੈ।

6 ਛੇਵੇ ਵਰਗ ਦੇ 16 ਅਧਿਐਨ ਹਨ। ਪ੍ਰਮੁੱਖ ਅਧਿਐਨ ਮਕਾਈ ਆਦਿ ਸੇਠ, ਸੁਦੱਰਸਨ ਤੇ ਅਰਜਨ ਮਾਲੀ ਦਾ ਹੈ। ਸੇਠ ਸੁਦਰਸਨ ਦੀ ਨਿੱਡਰਤਾ ਤੇ ਅਰਜਨ ਮਾਲੀ ਦਾ ਤਪਸਵੀ ਜੀਵਨ ਵਰਨਣ ਯੋਗ ਹੈ। ਛੇਵੇ ਵਰਗ ਵਿੱਚ ਅਤਿਮੁਕਤ ਨਾਂ ਦੇ ਬਾਲ ਮੁਨੀ ਦੀ ਦੀਖਿਆ ਦਾ ਵਰਨਣ ਹੈ।

7 ਸਤਵੇ ਵਰਗ ਦੇ ਤੇਰਹਾਂ ਅਧਿਐਨਾ ਰਾਣਿਆਂ ਸਾਧਵੀ ਦਾ ਵਰਨਣ ਹੈ।

8 ਅਠਵੇ ਵਰਗ ਦੇ ਦੱਸ ਅਧਿਐਨ ਹਨ। ਇਨ੍ਹਾਂ ਵਿੱਚ ਮਗਧ ਸਮਰਾਟ ਸ਼੍ਰੇਣਿਕ ਦੀ ਕਾਲੀ

ਆਦਿ 10 ਰਾਣਿਆਂ ਦ ਸਾਧਵੀ ਬਣਨ ਦਾ ਤੇ ਤੱਪ ਕਰਕੇ ਮੋਕਸ਼ ਜਾਨ ਦਾ ਵਰਨਣ ਹੈ। 90 ਮੋਕਸ਼ ਆਤਮਾਵਾ ਦਾ ਵੀ ਵਰਨਣ ਹੈ। ਪਹਿਲਾ ਇਸ ਗ੍ਰੰਥ ਦੇ 2328000 ਪਦ ਸਨ ਵਰਤਮਾਨ ਵਿਚ ਸਿਰਫ 800 ਸਲੋਕ ਪ੍ਰਮਾਣ ਮਿਲਦਾ ਹੈ।

# ਅਨੁਉਤਰੋ ਉਪਪਾਤਿਕ ਦਸਾਂਗ

12 ਵੇਂ ਸਵਰਗ ਤੋਂ ਉਪਰ 9 ਗਰਵੇਯਕ ਵਿਮਾਨ ਹਨ। ਇਹਨਾਂ ਤੋਂ ਉਪਰ ਵਿਜੈ, ਵਿਜਅਤ, ਜੈਂਯਤ ਅਪਰਾਜਿਤ ਅਤੇ ਸਰਵਾਰਥ ਸਿਧ ਹਨ ਇਹ ਪੰਜ ਅਨੁਤਰ ਵਿਮਾਨ ਹਨ ਇਹਨਾ ਵਿਮਾਨਾਂ ਵਿਚ ਰਹਿਣ ਵਾਲੇ ਜੀਵਾਂ ਦੀ ਦਸ਼ਾ ਇਸ ਸਾਸਤਰ ਵਿੱਚ ਆਖੀ ਗਈ ਹੈ ਇਸ ਸ਼ਾਸਤਰ ਦੇ 3 ਅਧਿਐਨ ਅਤੇ 33 ਵਰਗ ਹਨ।

ਪਹਿਲਾ ਵਰਗ :– ਇਸ ਵਿਚ ਜਾਲੀ, ਮਿਆਲੀ, ਉਪਜਾਲੀ, ਪੁਰਸਸੇਨ ਵਾਰੀਸੇਨ ਦੀਰਘਦੰਤ, ਲਸਟ ਦੇਵ, ਵਿੱਹਲ, ਵਿੱਹਸ ਅਤੇ ਅਭੇਕੁਮਾਰ ਆਦਿ 10 ਰਾਜ ਕੁਮਾਰਾ ਦਾ ਸੁੰਦਰ ਵਰਨਣ ਹੈ

ਦੂਸਰਾ ਵਰਗ :– ਦੀਰਘ ਸੇਨ, ਮਹਾਸੇਨ, ਲਸਟ ਦੇਵ, ਗੰਡਦਤ, ਹੱਲ, ਦਰੂਮ, ਦਰੂਮਸੇਨ, ਮਹਾਦਰੂਮ ਸੇਨ ਸਿੰਘ, ਮਹਾ ਸਿੰਘ ਸੇਨ, ਤੇ ਪੁਸ਼ਪਸੇਨ ਆਦਿ 13 ਅਧਿਐਨਾਂ ਰਾਜਕੁਮਾਰ ਦਾ ਜਿਕਰ ਹੈ।

ਤੀਸਰਾ ਵਰਗ :– ਇਸ ਵਿਰ ਕਾਕੰਦੀ ਨਗਰੀ ਦੇ ਧੰਨਾ ਸਾਰਥਵਾਹ ਦੇ ਸਾਧੂ ਬਣਨ ਦੀ ਕਹਾਣੀ ਵਿਸਥਾਰ ਨਾਲ ਮਿਲਦਾ ਹੈ। ਬਾਕੀ ਇਨਾਂ ਮਹਾਂਪੁਰਸਾ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ, ਸੁਨਕਸਤਰ ਕੁਮਾਰ, ਰਿਸ਼ੀਦਾਸ, ਪਾਲਕ, ਰਾਮਪੁਤਰ, ਚੰਦਰਿਕ ਪਰਸਿਟ ਸਾਤਰਕ, ਪੇਡਾਲ ਪੁਤਰ ਪੋਟਿਲ ਵਿਹਲਾ ਪਹਿਲਾ ਇਸ ਗ੍ਰੰਥ ਵਿੱਚ 9404000 ਪਦ ਸਨ ਹੁਣ ਸਿਰਫ 292 ਸ਼ਲੋਕ ਮਿਲਦੇ ਹਨ।

# ਪ੍ਰਸ਼ਨ ਵਿਆਕਰਣ

ਇਹ ਸ਼ਾਸਤਰ ਅੱਜ ਕਲ ਆਪਣੇ ਅਸਲ ਰੂਪ ਵਿੱਚ ਨਹੀਂ ਮਿਲਦਾ।ਇਸ ਗ੍ਰੰਥ ਵਿੱਚ 14 ਮੱਤਾਂ ਨੂੰ ਝੂਠਾ ਪ੍ਰਵਚਨ ਕਰਣ ਵਾਲੇ ਆਖਿਆ ਗਿਆ ਹੈ ਹਿੰਸਾ ਆਦਿ ਪੰਜ ਆਸ਼ਰਬ, ਅਹਿੰਸਾ ਆਦਿ 5 ਸੰਬਰ ਦਾ ਵਿਸਥਾਰ ਵਰਨਣ ਹੈ ਇਸ ਸਾਸਤਰ ਦੀ ਭਾਸ਼ਾ ਕਠਿਨ ਹੈ। ਇਸ ਸ਼ਾਸਤਰ ਵਿੱਚ ਕਈ ਅਨਾਰਿਆ ਦੇਸ਼ਾ ਦੇ ਨਾਂ ਮਿਲਦੇ ਹਨ। ਜੋ ਪਾਪਕਾਰੀ ਧੰਦਿਆਂ ਵਿੱਚ ਲੱਗੇ ਰਹਿੰਦੇ ਹਨ। ਪਹਿਲਾਂ ਇਸ ਗ੍ਰੰਥ ਵਿਚ 93115000 ਪਦ ਸਨ ਹੁਣ 1250 ਸ਼ਲੋਕ ਪ੍ਰਮਾਣ ਅਕਾਰ ਹਨ।

# ਵਿਪਾਕ ਸੂਤਰ

ਸੁਖਵਿਪਾਕ ਤੇ ਦੁਖਵਿਪਾਕ ਸੂਤਰ ਦੇ ਦੋ ਭਾਗ ਹਨ। ਇਹਨਾਂ ਅਧਿਐਨਾਂ ਵਿੱਚ ਸੁਭ ਕਰਮਾ ਦਾ ਫਲ ਚੰਗਾ ਤੇ ਅਸੁਭ ਕਰਮਾਂ ਦਾ ਫਲ ਮਾੜਾ ਦਰਸਾਇਆਗਿਆਹੈ। ਇਸ ਗ੍ਰੰਥ ਵਿੱਚ ਕਥਾਵਾਂ ਰਾਹੀ ਕਰਮ ਸਿਧਾਤ ਨੂੰ ਸਮਝਾਇਆ ਗਿਆ ਹੈ। ਸੂਤ੍ਰ ਦਾ ਵਾਰਤਾਲਾਪ ਗਣਧਰ ਸੁਧਰਮਾ ਸਵਾਮੀ

ਦੀ ਅਤੇ ਅੰਤਮ ਕੇਵਲੀ, ਜਬੂੰ ਸਵਾਮੀ ਦੀ ਜਿਗਿਆਸਾ ਦੇ ਰੂਪ ਵਿੱਚ ਹੈ। ਦੁਖ ਵਿਪਾਕ ਦੀਆਂ ਕਥਾਵਾ ਇਸ ਪ੍ਰਕਾਰ ਹਨ।

1 ਮਿਰਗਪੁੱਤਰ 2 ਕਾਮਧਵੱਜਾ 3 ਅਭੱਗ ਸੇਨ ਚੋਰ 4 ਸਕਟ 5 ਬ੍ਰਿਹਸਪਤਿ ਦੱਤ ਪਰੋਹਿਤ 6 ਨੰਦੀ ਵਰਧਨ 7 ਉਬੰਰਦਤ 8 ਸੋਰਿਕ 9 ਦੇਵਦਤਾ 10 ਅੰਜੂ

# ਸੁਖਵਿਪਾਕ

1 ਮਿਰਗਾਪੁਤਰ 2 ਗੋਤਰਾਮ 3 ਅੰਡ 4 ਸਕਟ 5 ਬ੍ਰਾਹਮਣ 6 ਨੰਦੀਸੇਨ 7 ਸੋਰਿਆ 8 ਉਦਬੇਦਰ 9 ਸਹੋਸੋ ਦਾਹ ਆਮਨ 10 ਕੁਮਾਰ ਲੰਛਵੀ

ਇਹਨਾਂ ਦੋਹਾਂ ਗ੍ਰੰਥਾਂ ਅਨੁਸਾਰ ਕਰਮ ਫਲ ਕਾਰਣ ਹੀ ਸੁੱਖ ਜਾ ਭਿੰਨ ਭਿੰਨ ਰੋਗ ਲਗਦੇ ਹਨ।

ਪਹਿਲਾਂ ਇਸ ਵਿਚ 12400000 ਪਦ ਤੇ 110 ਅਧਿਐਨ ਸਨ ਹੁਣ 1216 ਸਲੋਕ ਪ੍ਰਮਾਂਣ ਇਸ ਗ੍ਰੰਥ ਦਾ ਅਕਾਰ ਹੈ।

# ਦਰਿਸ਼ਟੀ ਵਾਦ

ਇਹ ਆਗਮ ਅੱਜ ਕੱਲ ਉਪਲੱਬਧ ਨਹੀਂ। ਇਸ ਦੇ 5 ਭਾਗ ਹਨ। 1 ਪਕ੍ਰਿਮ 2 ਸੂਤਰ 3 ਪੂਰਵਗਤ 4 ਅਨੁਯੋਗ 5 ਚੂਲਿਕਾ।

ਇਸ ਗ੍ਰੰਥ ਦਾ ਇੱਕ ਭਾਗ ਚੋਦਹਾਂ ਪੂਰਬ ਸਨ। ਜਿਨਾਂ ਦੇ ਨਾਂ ਤੇ ਵਿਸ਼ੇ ਇਸ ਪ੍ਰਕਾਰ ਹਨ। 1 ਉਤਪਾਦ (ਦਰਵ ਤੇ ਪਰਿਆਏ ਦੀ ਉਤਪਤੀ) 2 ਅਗਰਗਨਿਆ (ਜੀਵਾਂ ਦੀ ਪਰਿਆਏ ਦਾ ਪਰਿਮਾਨ) 3 ਵੀਰਜ ਪ੍ਰਵਾਦ (ਕਰਮ ਤੇ ਕਰਤਾ ਹਿਤ ਜੀਵ ਤੇ ਪੁਦਗਲ ਦੀ ਸਕਤੀ) 4 ਆਸਤੀਨਾਸਤੀ ਪ੍ਰਵਾਦ (ਧਰਮ ਆਦਿ 6 ਦਰਵ ਤੇ ਅਨੇਕਾਂਤਵਾਦ ਦਾ ਵਰਨਣ)

5 ਗਿਆਨ ਪ੍ਰਵਾਦ (ਗਿਆਨ ਦੇ ਪੰਜ ਭੇਦਾ ਦਾ ਵਰਨਣ)

6 ਸ਼ੱਤ ਪ੍ਰਵਾਦ (ਸੱਚ ਤੇ ਝੂਠ ਦਾ ਵਰਨਣ)

7 ਆਤਮ ਪ੍ਰਵਾਦ (ਕਧ ਪਖੋਂ ਜਿੰਦਗੀ ਦੀ ਵਿਆਖਿਆ)

8 ਕਰਮ ਪ੍ਰਵਾਦ (ਕਰਮ ਦਾ ਸਵਰੂਪ ਭੇਦ ਉਧਭੇਦ ਵਰਨਣ)

9 ਪ੍ਰਤਿਖਿਆਨ ਪ੍ਰਵਾਦ (ਵਰਤ ਨੇਮ ਦਾ ਸਵਰੂਪ ਦਾ ਵਰਨਣ)

10 ਵਿਦਿਆ ਪ੍ਰਵਾਦ (ਅਧਿਆਤਮਿਕ ਰਿਪਿਆ ਸਿਧਿਆ ਦਾ ਵਰਨਣ)

11 ਕਲਿਆਨ ਪੂਰਬ (ਗਿਆਨ ਤੱਪ ਸੰਜਮ ਦੇ ਸੁਭਫਲ ਅਤੇ ਪਾਪ ਦੇ ਅਸੁਭ ਫਲ ਦਾ ਵਰਨਣ)

12 ਪ੍ਰਣਾਯੂ ਪੂਰਬ(ਇੰਦਰੀਆ, ਸਵਧਿਆਏ, ਮਨ, ਪ੍ਰਾਣ ਤੇ ਉਮਰ ਦਾ ਵਰਨਣ)

13 ਕ੍ਰਿਆ ਵਿਸਾਲ ਪੂਰਬ (ਮਨ ਬਚਨ ਕਾਇਆ ਦੀ ਸੁਭ ਤੇ ਅਸ਼ੁਭ ਕ੍ਰਿਆਵਾ ਦਾ ਵਰਨਣ)

14 ਬਿੰਦੂ ਸਾਰ (ਲੋਕ ਦੇ ਸਵਰੂਪ ਦਾ ਵਰਨਣ)। ਨੰਦੀ ਸੂਤਰ ਅਨੁਸਾਰ ਇਨ੍ਹਾਂ ਗ੍ਰੰਥ ਦਾ ਵਿਸਾ

ਅਤੇ ਅਕਾਰ ਵਿਸਥਾਰ ਵਾਲਾ ਸੀ। ਪਰ ਇਹ ਪ੍ਰਾਚੀਨ ਵਿਸਾਲ ਸਾਹਿਤ ਭਿਅੰਕਰ ਅਕਾਲ, ਰਾਜਨੇਤਿਕ ਉਥਲ ਪੁਥਲ ਕਾਰਣ ਸਮਾਪਤ ਹੋ ਗਿਆ।

# ਉਪਾਂਗ

ਵੈਦਿਕ ਗ੍ਰੰਥਾਂ ਵਿੱਚ ਪੁਰਾਣ, ਨਿਆਏ ਤੇ ਮੀਮਾਸਾਂ ਅਤੇ ਧਰਮ ਸਾਸਤਰ ਨੂੰ ਉਪਾਂਗ ਕਿਹਾ ਗਿਆ ਹੈ। ਜੋ ਸਿਖਿਆ, ਕਲਪ, ਵਿਆਕਰਨ, ਛੰਦ, ਨਿਰੁਕਤ ਤੇ ਜੋਤਿਸ਼ ਦੀ ਵਿਆਖਿਆ ਕਰਦੇ ਹਨ। ਆਗਮ 12 ਅੰਗਾਂ ਦੇ 12 ਉਪਾਗ ਹਨ। ਉਪਾਂਗ

| | |
|---|---|
| ਆਚਾਰੰਗ | ਔਪਪਾਤਿਕ |
| ਸੂਤਰ ਕ੍ਰਿਤਾਗ | ਰਾਜਪ੍ਰਸਨਿਆ |
| ਸਥਾਨੰਗ | ਜੀਵਾ ਅਭਿਗਮ |
| ਸਮਵਯਾਗ | ਪ੍ਰਗਿਆਪਨਾ |
| ਭਗਵਤੀ | ਸੂਰਜ ਪਰਿਗਿਅਪਤਿ |
| ਗਿਆਤਾ ਧਰਮ | ਜੰਬੂ ਦੀਪ ਪਰਿਗਿਅਪਤਿ |
| ਉਪਾਸਕ ਦਸਾਂਗ | ਚੰਦਰ ਪਰਿਗਿਅਪਤਿ |
| ਅੰਤਕ੍ਰਿਤ ਦਸਾਗ | ਨਿਰਯਾਵਲਿਕਾ |
| ਅਨੁਤਰੋ ਉਪਾਤਿਕ | ਕਲਪਬੱਡੀ ਸਿਆਓ |
| ਪ੍ਰਸਨ ਵਿਆਕਰਣ | ਪੁਸਪਿਕਾ |
| ਵਿਪਾਕਸੂਤਰ | ਪੁਸ਼ਪਚਲਿਕਾ |
| ਦਰਿਸਟੀਵਾਦ | ਵਰਿਸ਼ਨੀਦਸਾ |

# ਔਪਪਾਤਿਕ

ਇਸ ਵਿੱਚ 43 ਸੂਤਰ ਹਨ। ਇਨਾਂ ਵਿੱਚ ਚੰਪਾਨਗਰੀ ਪੂਰਨ ਭਦੱਰ ਚੈਤਯ, ਬਾਗ ਕੋਣਿਕ ਰਾਜਾ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਜਾਨ ਦਾ ਜਿਕਰ, ਰਾਣੀ ਦਾ ਜਿਕਰ, ਹੋਰ ਸ੍ਰਮਣਾ ਦਾ ਜਿਕਰ ਅੰਬੜ ਸਨਿਆਸੀ ਦੀ ਭਗਵਾਨ ਮਹਾਵੀਰ ਨਾਲ ਧਰਮ ਚਰਚਾ ਸੱਤ ਨਿਨੰਹਵਾ (ਭਰਿਸਟ ਵਿਚਾਰਕ) ਦਾ ਜਿਕਰ ਹੈ।

ਇਤਹਾਸਕ ਪਖੋਂ ਇਹ ਆਗਮ ਸਿੱਧ ਕਰਦਾ ਹੈ। ਕਿ ਰਾਜਾ ਸ੍ਰੇਣਿਕ ਬਿੰਬਸਾਰ ਦਾ ਪੁੱਤਰ ਕੋਣਿਕ ਬੁਧ ਨਹੀਂ ਸੀ, ਸਗੋਂ ਜੈਨ ਧਰਮ ਦਾ ਧਰਮ ਉਪਾਂਸਕ ਸੀ। ਬੁੱਧ ਗ੍ਰੰਥ ਵਿਚ ਉਸ ਦਾ ਜ਼ਿਕਰ ਬਹੁਤ ਹੀ ਘੱਟ ਆਇਆ ਹੈ। ਮਹਾਤਮਾ ਬੁੱਧ ਦੇ ਨਿਰਵਾਨ ਸਮੇਂ ਕੋਣਿਕ ਅਜਾਤ ਸਤਰੂ ਉਨਾਂ ਦੇ ਸਰੀਰ ਦੀ ਭਸ਼ਮੀ ਦਾ ਦਾਅਵਾ ਖੱਤਰੀ ਹੋਣ ਕਰਕੇ ਕਰਦਾ ਹੈ। ਕੋਣਿਕ ਅਜਾਤ ਸਤਰੂ ਦੀ ਮਹਾਤਮਾ ਬੁੱਧ ਨਾਲ ਭੇਟ ਦਾ ਸਪਸਟ ਵਰਨਣ ਨਹੀਂ ਮਿਲਦਾ। ਰਾਜਾ ਕੋਣਿਕ ਦੀਆਂ ਅਨੇਕਾ ਰਾਣੀਆ ਨੇ ਭਗਵਾਨ ਮਹਾਵੀਰ ਪਾਸੋਂ ਜੈਨ ਸਾਧਵੀ ਜੀਵਨ ਅੰਗੀਕਾਰ ਕੀਤਾ। ਜੈਨ ਗ੍ਰੰਥਾ ਵਿਚ ਇਸ ਰਾਜੇਮਾ

ਨੂੰ ਕਾਫੀ ਸਨਮਾਨ ਦਿਤਾ ਗਿਆ ਹੈ। ਇਸ ਨੇ ਕਈ ਵਾਦ ਭਗਵਾਨ ਮਹਾਵੀਰ ਕਾਲ ਭੇਟ ਕੀਤੀ ਸੀ। ਇਸ ਗ੍ਰੰਥ ਵਿਚ 72 ਕਲਾਵਾਂ ਦੇ ਨਾਂ ਵੀ ਮਿਲਦੇ ਹਨ।

# ਰਾਜਪ੍ਰਸ਼ਨਿਆਂ

ਇਸ ਵਿਚ 217 ਸੂਤਰ ਹਨ। ਪਹਿਲੇ ਭਾਗ ਵਿਚ ਸੁਰਿਆਭ ਦੇਵਤਾ ਦੀ ਵਿਸ਼ਾਲ ਰਿਧਿ, ਭਗਵਾਨ ਮਹਾਵੀਰ ਦੇ ਸਮੋਸਰਨ (ਦੇਵਤਿਆਂ ਰਾਹੀਂ ਰਚੀ ਧਰਮ ਸਭਾ) ਦਾ ਵਰਨਣ ਹੈ। ਸੁਰਿਆਭ ਦੇਵਤਾ ਦੀ ਰਿਧਿ ਦਾ ਵਰਨਣ ਭਗਵਾਨ ਮਹਾਵੀਰ ਨੇ ਆਪ ਕੀਤਾ ਹੈ।

ਦੂਸਰੇ ਭਾਗ ਵਿਚ ਭਗਵਾਨ ਪਾਰਸ਼ ਨਾਥ [23 ਵੇਂ ਤੀਰਥੰਕਰ] ਦੇ ਚੇਲੇ ਮੁਨੀ ਕੇਸ਼ੀ ਕੁਮਾਰ, ਸ੍ਰਾਵਸਤੀ ਦੇ ਰਾਜਾ ਪ੍ਰਦੇਸੀ ਨੂੰ, ਆਤਮਾ ਦੀ ਹੋਂਦ ਬਾਰੇ ਸੁੰਦਰ ਚਰਚਾ ਰਾਹੀਂ ਆਸਤਿਕ ਬਨਾਉਂਦੇ ਹਨ। ਸਭ ਥਾਂ ਚੰਗੇ ਉਦਾਹਰਣ, ਤੱਰਕ ਤੇ ਸਪਸ਼ਟ ਵਾਦਿਤਾ ਦੇ ਲੱਛਣ ਇਸ ਚਰਚਾ ਤੋਂ ਮਿਲਦੇ ਹਨ। ਇਸ ਗ੍ਰੰਥ ਵਿਚ ਆਮਲਕਪਾ, ਸੁਰਿਆਵ ਦੇਵ, ਪਰੇਕਸ਼ਾ ਮੰਡਪ ਬਾਜੇ, ਨਾਚਵਿਧਿ, ਵਿਮਾਨ ਵਰਨਣ ਵੀ ਮਿਲਦਾ ਹੈ।

# ਜੀਵਾਭਿਗਮ

ਇਸ ਗ੍ਰੰਥ ਵਿਚ ਨੌ ਪ੍ਰਤਿਪਤਿਆਂ [ਅਧਿਐਨ] ਹਨ। ਜਿਨਾਂ ਦਾ ਸੰਖੇਪ ਵਿਸ਼ੇ ਇਸ ਪ੍ਰਕਾਰ ਹੈ।

1] ਤਰੱਸ ਤੇ ਸਥਾਵਰ ਜੀਵਾਂ ਦੇ 42 ਭੇਦਾਂ ਦਾ ਵਰਨਣ ਹੈ।

2] ਇਸਤਰੀ-ਪੁਰਸ਼ ਹਿਜੜੇ ਦੀ ਉਤਪਤਿ ਦਾ ਵਰਨਣ ਹੈ।

3] ਸੱਤ ਪ੍ਰਿਥਵੀਆਂ, 16 ਰਤਨ, ਅਸਤਰ-ਸਾਸਤਰਾਂ ਦੇ ਨਾਂ, ਸ਼ਰਾਬਾਂ, ਭਾਂਡੇ, ਗਹਿਣੇ, ਭਵਨ, ਕਪੜਿਆਂ, ਮਿਠੇ ਭੋਜਨ, ਪਿੰਡ, ਰਾਜਾ, ਦਾਸ, ਤਿਉਹਾਰ, ਨੱਟ, ਸਵਾਰਿਆਂ ਦੇ ਨਾਂ ਅਨਰਥ ਦਾ ਕਾਰਣ, ਕਲੇਸ਼, ਯੁੱਧ, ਬੀਮਾਰੀਆਂ, ਦੇਵਤੇ, ਪਦਮਵਰ ਵੇਦਿਕਾ, ਵਿਜੇ ਦਵਾਰ, ਸੁੱਧਰਮਾ ਸਭਾਂ, ਸਿਧਾ-ਅਯਤਨ, ਸਮੁਦਰਾਂ ਦਾ ਜਿਕਰ ਹੈ।

4] ਪੰਜ ਇੰਦਰੀਆਂ ਵਾਲੇ ਜੀਵਾਂ ਦਾ ਵਰਨਣ ਹੈ।

5] ਛੇ ਪ੍ਰਕਾਰ ਦੇ ਸੰਸਾਰੀ ਜੀਵਾਂ ਦਾ ਵਰਨਣ ਹੈ।

6] ਸੱਤ ਪ੍ਰਕਾਰ ਦੇ ਜੀਵਾਂ ਦਾ ਵਰਨਣ ਹੈ।

7] ਅੱਠ ਪ੍ਰਕਾਰ ਦੇ ਜੀਵਾਂ ਦਾ ਵਰਨਣ ਹੈ।

8] ਸੰਸਾਰੀ 9 ਪ੍ਰਕਾਰ ਦੇ ਜੀਵਾਂ ਦਾ ਵਰਨਣ ਹੈ।

9] ਜੀਵਾਂ ਦੇ ਸਿੱਧ-ਅਸਿੱਧ, ਸ-ਇੰਦਰੀ, ਬਿਨਾ-ਇੰਦਰੀਆਂ. ਗਿਆਨ-ਅਗਿਆਨੀ, ਅਹਾਰਕ -ਅਨਾਹਾਰਕ, ਭਾਸਕ ਅਭਾਸਕ, ਸਮਿੱਅਕ ਦਰਿਸ਼ਟੀ, ਮਿਥਿਆ ਦਰਿਸਟੀ, ਪਰਿਆਪਤ-ਅਪਰਿਆਪਤ ਸੂਖਮ-ਵਾਦਰ, ਸੰਗੀ,-ਅਸੰਗੀ, ਭੱਵ ਸਿਧਕ, ਅਭੱਵ ਸਿੱਧਕ, ਯੋਗ, ਵੇਦ, ਦਰਸ਼ਨ,

ਸੰਯਤ, ਅਸੰਯਤ, ਕਸ਼ਵੇ ਗਿਆਨ, ਸਰੀਰ, ਕਾਇਆ, ਲੇਸ਼ਿਆਵਾ ਯੋਨੀ ਤੇ ਇੰਦਰੀਆਂ ਪਖੋਂ ਵਰਨਣ ਕੀਤਾ ਗਿਆ ਹੈ। ਇਸ ਉਪਾਂਗ ਵਿਚ ਜੀਵ ਦੀ ਵਿਆਖਿਆ ਵਿਸਥਾਰ ਨਾਲ ਕੀਤੀ ਗਈ ਹੈ।

# ਪਰਿ ਗਿਆਪਨਾ

ਇਸ ਉਪਾਂਗ ਵਿਚ 349 ਸੂਤਰ ਹਨ। ਜਿਨ੍ਹਾਂ ਵਿਚ 36 ਤਾਤਵਿਕ ਵਿਸ਼ੇਆਂ ਦਾ ਵਰਨਣ ਹੈ। ਇਨ੍ਹਾ ਵਿਸ਼ੇਆ ਦੇ ਨਾਂ ਇਸ ਪ੍ਰਕਾਰ ਹਨ।

1 ਪਰਿ ਗਿਆਪਨਾ 2 ਸਥਾਨ 3 ਬਹੁਵਕਤ 4 ਸਥਿਤੀ 5 ਵਿਸ਼ੇਸ 6 ਵਿਉਤਕਰਤੀ 7 ਉਛੱਵਾਸ 8 ਸੰਗਿਆ 9 ਯੋਨੀ 10 ਚਰਮ 11 ਭਾਸਾ 12 ਸਰੀਰ 13 ਪਰਿਨਾਮ 14 ਕਸ਼ਾਏ 15 ਇੰਦਰੀ 16 ਪ੍ਰਯੋਗ 17 ਲੇਸਿਆ 18 ਕਾਇਆ ਸਥਿਤੀ 19 ਸਮਿਅਤੱਵ 20 ਅੰਤ ਕ੍ਰਿਆ 21 ਅਵਗਾਹਨਾ 22 ਸੰਸਥਾਨ 23 ਕ੍ਰਿਆ 24 ਕਰਮ 25 ਕਰਮ ਬੰਧਕ 26 ਕਰਮ ਵੇਦਕ 27 ਵੇਦ ਬੰਧਕ 28 ਅਹਾਰ 29 ਉਪਯੋਗ 30 ਪਸਯਤਾ 31 ਸੰਗਿਆ 32 ਸੰਜਮ 33 ਅਵਿਧਿ 34 ਪਵਿਚਾਰਨਾ 35 ਵੇਦਨਾ 36 ਸਮੁਦਘਾਤ

ਇਸ ਗ੍ਰੰਥ ਵਿਚ ਜੀਵ ਅਜ਼ੀਵ ਦਾ ਹਰ ਪਖੋ ਵਰਨਣ ਕੀਤਾ ਗਿਆ ਹੈ। ਇਨ੍ਹਾਂ ਵਿਸ਼ੇਆਂ ਤੋਂ ਛੁੱਟ ਆਰਆ ਦੀ ਪਰਿਭਸ਼ਾ, ਲਿਪਿਆ ਦਾ ਗਿਆਨ ਤੇ ਭਾਸ਼ਵਾ ਦਾ ਵਰਨਣ ਹੈ।

# ਸੂਰਜ ਪਰਿਗਿਪਤਿ

ਸੂਰਜ਼ ਪਰਿਗਿਪਤਿ ਅਤੇ ਚੰਦਰ ਪਰਿਗਿਪਤਿ ਇਨ੍ਹਾ ਦੋਹਾ ਗ੍ਰੰਥਾ ਦਾ ਵਿਸਾ ਭੂਗੋਲ, ਖਗੋਲ ਨਾਲ ਸੰਬੰਧਿਤ ਹੈ। 'ਪਹਿਲੇ ਗ੍ਰੰਥ ਦੇ 108 ਸੂਤਰਾਂ ਵਿੱਚ ਸੂਰਜ, ਚੰਦਰਮਾ ਅਤੇ ਨਛੱਤਰਾਂ ਦਾ ਗਿਆਨ ਅਤੇ ਗਤਿ ਦਾ ਵਰਨਣ ਹੈ। ਇਸ ਗ੍ਰੰਥ ਵਿਚ ਗਣਿਤ ਵਾਰੇ ਪੁਰਾਤਨ ਮਾਨਤਾਵਾਂ ਦਰਜ ਹਨ।

ਇਸ ਗ੍ਰੰਥ ਦੇ ਗਿਆਰਾ ਪਰਾਭਰਿਤ ਹਨ। ਜਿਨਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ।

1 ਦਿਨ, ਰਾਤ, ਅਰਧ ਮੰਡਲ, ਦੋ ਸੂਰਜਾ ਦੀ ਮਾਨਤਾ, ਸੂਰਜ ਦੀ ਗਤਿ, ਮੰਡਲਾ ਦਾ ਵਰਨਣ ਅੱਠ ਅਧਿਐਨਾ ਵਿਚ ਦਰਜ ਹੈ।

2 ਸੂਰਜ ਦਾ ਉਦੇ ਅਤੇ ਅਸਤ ਹੋਣਾ, ਸੂਰਜ ਦਾ ਇਕ ਮੰਡਲ ਤੋਂ ਦੂਸਰੇ ਮੰਡਲ ਵਿਚ ਗਤਿ ਕਰਨਾ ਆਦਿ ਦਾ ਵਰਨਣ ਤਿੰਨ ਅਧਿਐਨਾਂ ਵਿਚ ਦਰਜ਼ ਹੈ।

3 ਇਸ ਪਰਾਭਰਿਤ ਵਿਚ ਸੂਰਜ ਚੰਦਰਮਾ ਰਾਹੀ ਅਨੇਕਾ ਦੀਪਾਂ ਸਮੁਦਰਾਂ ਨੂੰ ਪ੍ਰਕਾਸ਼ਿਤ ਕਰਨ ਦਾ ਵਰਨਣ ਹੈ।

4 ਚੰਦਰਮਾ ਸੂਰਜ ਦੇ ਅਕਾਰ ਤੇ ਹੋਰ 16 ਮੱਤਾ ਦੀ ਜਾਣਕਾਰੀ ਹੈ।

5 ਸੂਰਜ ਦੀਆਂ ਲੇਸਿਆਵਾਂ ਦਾ ਵਰਨਣ ਹੈ।

6 ਸੂਰਜ ਦੇ ਔਜ ਦਾ ਵਰਨਣ ਹੈ।

7 ਸੂਰਜ ਰਾਹੀ ਮੇਰੂ ਪਰਬਤ ਨੂੰ ਪ੍ਰਕਾਸ਼ਿਤ ਕਰਨ ਦਾ ਵਰਨਣ ਹੈ।

8 ਸੂਰਜ ਦੇ ਉਦੇ ਹੋਣ ਸਮੇ ਦੀ ਸਥਿਤੀ ਦਾ ਵਰਨਣ ਹੈ।

9 ਸੂਰਜ ਦੇ ਉਦੇ ਅਤੇ ਅਸਤ ਹੋਣ ਸਮੇ ਛਾਂ 59 ਪੁਰਸ ਪ੍ਰਮਾਣ ਵਿਖਾਈ ਦੇਨ ਦਾ ਵਰਨਣ ਹੈ।

10 ਇਸ ਪਰਾਭਰਿਤ ਦੇ 22 ਅਧਿਐਨਾਂ ਵਿਚ ਨਛੱਤਰਾਂ, ਸੂਰਜ ਚੰਦਰਮਾ ਦੇ ਨਾਲ ਨਛੱਤਰ ਨਾਲ ਸੰਬਧਾ ਦਾ ਵਰਨਣ ਹੈ।

11 ਸਵਤਸਰਾਂ ਦਾ ਵਰਨਣ ਹੈ।

12 ਨਛੱਤਰ, ਚੰਦਰਮਾ, ਰਿਤੂਆਂ, ਆਦਿਤ ਤੇ ਅਭਿਵਰਧਿੱਤ ਪਿਤ ਸਵਤਸਰਾ ਦਾ ਵਰਨਣ ਹੈ।

13 ਚੰਦਰਮਾ ਦੀ ਲਾਭ ਹਾਨੀ ਦਾ ਵਰਨਣ ਹੈ।

14 ਜਿਉਤਸਨਾ ਦਾ ਵਰਨਣ ਹੈ।

15 ਚੰਦਰਮਾ ਸੂਰਜ ਦੀ ਗਤਿ ਦੇ ਮੇਲ ਦਾ ਵਰਨਣ ਹੈ।

16 ਜਿਉਤਸਨਾ ਦੇ ਲੱਛਣ ਦਸੇ ਗਏ ਹਨ।

17 ਚੰਦਰਮਾ ਦੇ ਪ੍ਰਗਟ ਹੋਣ ਤੇ ਅਸਤ ਹੋਣ ਦਾ ਵਰਨਣ ਹੈ।

18 ਚੰਦਰ ਸੂਰਜ ਦੀ ਉਚਾਈ ਦਾ ਵਰਨਣ ਹੈ।

19 ਸਾਰੇ ਲੋਕ ਦੇ ਚੰਦਰਮਾ ਤੇ ਸੂਰਜ ਦੀ ਗਿਣਤੀ ਹੈ।

20 ਚੰਦਰਮਾ ਦਾ ਵਰਨਣ 88 ਮਹਾਰਗ੍ਰਹਿ ਦਾ ਵਰਨਣ ਹੈ।

# ਚੰਦਰ ਪਰਿਗਿਪਤਿ

ਇਸ ਦਾ ਵਿਸ਼ਾ ਸੂਰਜ ਪਰਿਗਿਅਪਤਿ ਦੀ ਤਰਾ ਹੈ। ਇਹ ਆਗਮ ਚੰਦਰਮਾ ਵਾਰੇ ਵਿਸੇਸ ਜਾਣਕਾਰੀ ਦਿੰਦਾ ਹੈ। ਦੋਹੇ ਅਗਮਾ ਦੇ ਪਾਠ ਇਕ ਤਰ੍ਹਾ ਦੇ ਹੀ ਹਨ।

# ਜੰਬੂ ਦੀਪ ਪਰਿਗਿਪਤਿ

ਇਸ ਗ੍ਰੰਥ ਦੇ ਪਹਿਲ ਹਿਸੇ ਵਿਚ 4 ਵਕਸਾਕਾਰ ਅਤੇ ਦੂਸਰੇ ਹਿਸੇ ਵਿਚ 3 ਵਕਸਾਕਾਰ ਹਨ। ਇਨਾਂ ਦੇ ਵਿਸ਼ੇ ਇਸ ਪ੍ਰਕਾਰ ਹਨ।

1 ਇਸ ਵਿਚ ਜੰਬੂ ਦੀਪ ਦਾ ਵਰਨਣ ਹੈ।

2 ਜੈਨ ਕਾਲ ਗਨਣਾ ਦੇ ਉਤਸਵਰਪਨੀ ਕਾਲ ਅਤੇ ਅਵਸਵਪਨੀ ਕਾਲ ਦੇ 6-6 ਭੇਦਾ ਦਾ ਵਰਨਣ ਹੈ। ਜੈਨ ਗਣਿਤ ਤੋਂ ਛੁੱਟ ਇਸ ਅਧਿਐਨ ਵਿਚ ਪਹਿਲੇ ਤੀਰਥੰਕਰ ਭਗਵਾਨ ਰਿਸਵਦੇਵ ਦਾ ਇਤਹਾਸਕ ਵਰਨਣ ਹੈ। ਆਉਣ ਵਾਲੇ ਸਮੇ ਦਾ ਵਰਨਣ ਹੈ।

3 ਇਸ ਵਿਚ ਭਗਵਾਨ ਰਿਸਵਦੇਵ ਦੇ ਬੜੇ ਸਪੁੱਤਰ ਚਕਰਵਰਤੀ ਭਰਤ ਦੇ ਜੀਵਨ ਅਤੇ ਰਾਜ ਵਿਸਥਾਰ ਦਾ ਵਰਨਣ ਹੈ।

4 ਸੁਦਰਸਨ :- ਹਿਮਵੰਤ ਪਰਬਤ, ਪਦਮ ਸਰੋਵਰ ਨਦੀ, ਕੂਟ, ਹਿਮਵੰਤ ਖੇਤਰ, ਸਬਦਾਪਾਤੀ ਵੈਤਾਡਿਆ, ਮਹਾਹਿਮਵੰਤ ਪਰਬਤਾਂ ਦਾ, ਮਹਾਪਦਮ ਸਰੋਵਰ, ਹਰਿਵਰਸ਼, ਨਿਸ਼ਧ, ਪਰਬਤ, ਤਿਗਿੱਛ

ਸਰੋਵਰ, ਮਹਾਵਿਦੇਹ ਖੇਤਰ, ਗੰਧਮਾਦਨ ਪਰਬਤ ਉਤਰ ਕੁਰੂ ਦੇ ਯਮਕ ਪਰਵਤ ਗਧੰਨਾਦਨ ਨਾਮਕ ਪਰਬਤ, ਚਿਤੱਰ ਕੁੱਟ ਹੋਰ ਵਿਦੇਹ ਦੇਵਕੁਰੂ ਮੇਰੂ, ਨੰਦਨਬਨ, ਸੋਮਨ ਸਵਨ, ਨੀਲ ਪਰਬਤ, ਰਮਿਅਕ ਹਿਰਣਯਵਤ ਏਰਾਵਤ ਦਾ ਵਰਨਣ ਹੈ।

5 ਇਸ ਵਿਚ ਅੱਠ ਦਿਕ ਕੁਮਾਰੀਆ ਰਾਹੀ ਤੀਰਥੰਕਰ ਦੇ ਜਨਮ ਕਲਿਆਨਕ ਮਨਾਉਣ ਦਾ ਇੰਦਰ ਰਾਹੀ ਜਨਮ ਮਹੋਤਸਵ ਵਿਚ ਸਾਮਲ ਹੋਣ ਦਾ ਵੱਰਨਣ ਹੈ।

6 ਭਰਤ, ਏਰਾਬਤ ਹਿਮਵੰਤ, ਹਿਰਣਯ, ਹਰਿ ਰਮਿਅਕ, ਤੇ ਮਹਾਵਿਦੇਹ ਖੇਤਰਾ ਦਾ ਤੇ ਮਾਗਧ ਵਰਦਾਨ ਤੇ ਪ੍ਰਭਸ ਤੀਰਥਾ ਦਾ ਵਰਨਣ ਹੈ।

7 ਸੂਰਜ ਪਰਿਗਿਅਪਤਿ ਵਾਲੇ ਵਿਸ਼ੇ ਤੇ ਵਿਸਥਾਰ ਨਾਲ ਚਾਨਣ ਪਾਈਆ ਗਿਆ ਹੈ।

# ਨਿਰਯਾਵਲਿਕਾ

ਇਸ ਗ੍ਰੰਥ ਦੇ 10 ਅਧਿਐਨ ਹਨ। ਇਸ ਗ੍ਰੰਥ ਵਿਚ 5 ਛੋਟੇ ਉਪਾਂਗ ਹਨ। ਜੋ ਅਕਾਰ ਪਖੋਂ ਛੋਟੇ ਹੋਣ ਕਾਰਨ ਨਿਰਯਾਵਲਿਕਾ ਵਿਚ ਇੱਕਠੇ ਕਰ ਲਏ ਜਾਂਦੇ ਹਨ। ਨਿਰਯਾ ਵਲਿਕਾ ਸਭ ਤੋਂ ਬੜਾ ਅਤੇ ਇਤਹਾਸਕ ਗ੍ਰੰਥ ਹੈ।

1 ਇਸ ਦੇ ਪਹਿਲੇ ਅਧਿਐਨ ਵਿੱਚ ਰਾਜਾ ਕੋਣਿਕ ਅਜਾਤ ਸਤਰੂ ਦਾ ਜਨਮ ਆਪਣੇ ਭਰਾਵਾ ਤੇ ਵੈਸਾਲੀ ਗਣਤੰਤਰ ਦੇ ਮੁਖੀ ਨਾਨਾ ਰਾਜਾ ਚੇਟਕ ਨਾਲ ਯੁੱਧ ਦਾ ਵਰਨਣ ਹੈ। ਇਸਦਾ ਕਾਰਣ ਸੈਚਟਕ ਹਾਥੀ ਤੇ ਨੌ ਲੜ ਹਾਰ ਸੀ।

2 ਸੁਕਾਲ ਰਾਜ ਕੁਮਾਰ ਦਾ ਵਰਨਣ ਹੈ।

3 ਮਹਾਕਾਲ ਰਾਜ ਕੁਮਾਰ ਦਾ ਵਰਨਣ ਹੈ।

4 ਕ੍ਰਿਸਨ ਰਾਜ ਕੁਮਾਰ ਦਾ ਵਰਨਣ ਹੈ।

5 ਸੁਕਿਸਨ ਰਾਜ ਕੁਮਾਰ ਦਾ ਵਰਨਣ ਹੈ।

6 ਮਹਾ ਕ੍ਰਿਸਨ ਰਾਜ਼ ਕੁਮਾਰ ਦਾ ਵਰਨਣ ਹੈ।

7 ਵੀਰ ਕ੍ਰਿਸਨ ਰਾਜਕੁਮਾਰ ਦਾ ਵਰਨਣ ਹੈ।

8 ਰਾਮ ਕ੍ਰਿਸਨ ਰਾਜ਼ ਕੁਮਾਰ ਦਾ ਵਰਨਣ ਹੈ।

9 ਪਿਤੱਰ ਸੇਨ ਕ੍ਰਿਸਨ ਕਾਜ ਕੁਮਾਰ ਦਾ ਵਰਨਣ ਹੈ।

10 ਮਹਾਸੇਨ ਕ੍ਰਿਸਨ ਰਾਜਕੁਮਾਰ ਦਾ ਵਰਨਣ ਹੈ।

# ਕਲਪਾ ਆਵੰਤ ਸਿਕਾ

ਇਸ ਗ੍ਰੰਥ ਪਦਮ, ਮਹਾਪਦਮ, ਭੱਦਰ, ਸੁਭੱਦਰ, ਪਦਮਭੱਦਰ ਪਿਦਮ ਸੇਨ, ਪਦਮ ਗੁਲਮ, ਨਲੀਨਿਗੁਲਮ ਆਨੰਦ ਅਤੇ ਨੰਦਨ ਅਧਿਐਨ ਹਨ ਜਿਨਾਂ ਵਿਚ ਕਾਲ, ਮਹਾਪਦਮ ਭੱਦਰ, ਸੁਭੱਦਰ ਆਦਿ ਰਾਜਕੁਮਾਰ ਦਾ ਵਰਨਣ ਹੈ।

# ਪੁਸ਼ਪਿਕਾ


ਇਸ ਉਪਾਂਗ ਵਿਚ ਚੰਦਰਮਾ ਰਾਹੀ ਵਿਮਾਨ ਵਿਚ ਬੈਠਾ ਕੇ, ਭਗਵਾਨ ਮਹਾਂਵੀਰ ਦਰਸਨ ਕਰਨ ਦਾ ਵਰਨਣ ਹੈ। ਚੰਦਰਮਾ ਦੇ ਪੂਰਬ ਜਨਮ ਦਾ ਵਰਨਣ ਹੈ। ਇਸ ਵਿਚ ਚੰਦਰ, ਸੂਰਜ, ਸੂਕਰ, ਬਹੁਪੁਤ ਰਿਕਾ, ਪੁਰਣਭੱਦਰ, ਮਣਿਭਦਰ, ਦੱਤ, ਸ਼ਿਵ, ਬਲ ਤੇ ਅਨਾਡੀਆ ਅਧਿਐਨ ਹੈ।

# ਪੁਸ਼ਪ ਚੂਲਾ

ਇਸ ਉਪਾਂਗ ਦੇ 10 ਅਧਿਐਨ ਹਨ। ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ। 1 ਸਰਿੰਗ 2 ਹਰਿੰਗ 3 ਧਰਿਤਿ 4 ਰਿਤੀ 5 ਬੁਧੀ 6 ਲਕਸ਼ਮੀ 7 ਈਲਾਦੇਵੀ 8 ਸੂਰਾਦੇਵੀ 9 ਰਸਦੇਵੀ 10 ਗੰਧਦੇਵੀ।

# ਵਰਿਸ਼ਨੀ ਦਸਾ

ਇਸ ਉਪਾਂਗ ਦੇ 12 ਅਧਿਐਨ ਦੇ ਨਾਂ ਇਸ ਪ੍ਰਕਾਰ ਹਨ। 1 ਨਿਸੱਦ 2 ਮਾਅਨੀ 3 ਵਹਿ 4 ਵੱਨ 5 ਪਗਤਾ 6 ਜੁਤੀ 7 ਦਸਰਾ 9 ਮਹਾਪਤ 10 ਸਤਧਨ 11 ਦਸਧਨੂੰ 12 ਸੱਯਵਧ 13 ਇਹਨਾਂ ਅਧਿਐਨਾਂ ਵਿਚ 22 ਵੇ ਤੀਰਥੰਕਰ ਭਗਵਾਨ ਅਰਿਸ਼ਟ ਨੇਮਿ ਦੇ ਸਮੇ ਹੋਏ ਮਹਾਪੁਰਸਾ ਦਾ ਵਰਨਣ ਹੈ।



# ਮੂਲ ਸੂਤਰ

ਮੂਲ ਸੂਤਰ ਦਾ ਭਾਵ ਉਹ ਗ੍ਰੰਥ ਹਨ । ਜੋ ਨਵੇ ਮੁਨੀ ਲਈ ਪੜਨੇ ਜਰੂਰੀ ਹਨ ਇਹ ਚਾਰ ਮਨੇ ਜਾਂਦੇ ਹਨ । ਇਨ੍ਹਾਂ ਦੇ ਨਾਂ ਤੇ ਵਿਸ਼ੇਆ ਵਾਰੇ ਜਾਣਕਾਰੀ ਇਸ ਪ੍ਰਕਾਰ ਹੈ ।

# ਸ੍ਰੀ ਉਤਰਾਧਿਐਨ ਸੂਤਰ

ਇਸ ਗ੍ਰੰਥ ਨੂੰ ਜੈਨ ਧਰਮ ਦਾ ਸਾਰ ਗ੍ਰੰਥ ਆਖਿਆ ਜਾ ਸਕਦਾ ਹੈ । ਇਸ ਗ੍ਰੰਥ ਵਿਚ ਸਵੇਤਾਂਵਰ ਮਾਨਤਾ ਅਨੁਸਾਰ ਭਗਵਾਨ ਮਹਾਵੀਰ ਦਾ ਅੰਤਮ ਉਪਦੇਸ ਦਰਜ ਹੈ । ਜੋ ਉਨ੍ਹਾਂ 527 ਈ ਪੂ ਨੂੰ ਪਾਵਾਪੁਰੀ (ਬਿਹਾਰ)ਵਿਖੇ ਦਿਤਾ ਸੀ । ਪੁਰਾਤਨ ਮਾਨਤਾ ਹੈ । ਕਿ ਜੋ ਉਤਰਾਧਿ ਐਨ ਸੂਤਰ ਵਿਚ ਹੈ । ਉਸ ਦਾ ਵਿਸਥਾਰ ਹੋਰ ਗ੍ਰੰਥਾਂ ਵਿਚ ਹੈ । ਜੋ ਸ੍ਰੀ ਉਤਰਾ ਧਿਐਨ ਸੂਤਰ ਵਿਚ ਨਹੀਂ ਉਹ ਕਿਸੇ ਹੋਰ ਗ੍ਰੰਥ ਵਿਚ ਨਹੀਂ । ਪੁਰਤਾਨ ਕਾਲ ਤੋਂ ਹੀ ਇਸ ਗ੍ਰੰਥ ਤੇ ਟੀਕਾ ਚੁਰਣੀ, ਭਾਸਯ ਅਤੇ ਟੱਬਾ ਦੀ ਰਚਨਾ ਭਿੰਨ ਅਚਾਰਿਆਂਵਾ ਨੇ ਕੀਤੀ ਹੈ । ਇਸ ਗ੍ਰੰਥ ਦਾ ਅੰਗਰੇਜੀ, ਹਿੰਦੀ ਰਾਜ ਪ੍ਰਾਕ੍ਰਿਤ, ਫਰੇਂਚ, ਜਰਮਨ, ਰਾਜਸਥਾਨੀ, ਅਤੇ ਪੰਜਾਬੀ ਸੰਸਕ੍ਰਿਤ, ਅਤੇ ਅਪਭਰੰਸ ਭਾਸਾਵਾਂ ਵਿਚ ਅਨੁਵਾਦ ਹੋ ਚੁਕਾ ਹੈ । ਇਸ ਗ੍ਰੰਥ ਦੀ ਤੁਲਨਾ ਗੀਤਾ, ਬਾਈਵਲ ਤੋਂ ਧਮੱਪਦੱ ਨਾਲ ਕੀਤੀ ਜਾਂਦੀ ਹੈ ।

ਜਿਆਦਾ ਗਾਥਾਵਾ ਵਾਲੇ ਅਧਿਐਨ ਹਨ । ਇਸ ਗ੍ਰੰਥ ਦੇ 36 ਅਧਿਐਨਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ ।

1 ਵਿਨੈ :- ਗੁਰੂ ਚੈਲੇ ਦੇ ਆਚਰਨ ਸਬੰਧ ਚੰਗੇ ਗੁਰੂ ਦੇ ਲੱਛਣ ਦਸ ਕੇ ਨਿਮਰਤਾ ਦੀ ਸਿਖਿਆ ਦਿਤੀ ਗਈ ਹੈ ।

2 ਪਰਿਸੈ :- ਸਾਧੂ ਜੀਵਨ ਵਿਚ ਆਉਣ ਵਾਲੇ 22 ਕਸਟਾ ਦੀ ਜਾਣਕਾਰੀ ਹੈ ।

3 ਚਤੁਰੰਗੀਆ :- ਧਰਮ ਦੇ ਚਾਰ ਪ੍ਰਮੁਖ ਅੰਗਾ (ਮਨੁੱਖ ਜੀਵਨ, ਸੱਚੇ ਧਰਮ ਤੇ ਸਰਧਾ ਤੇ ਧਰਮ ਆਚਰਨ) ਤੇ ਜੋਰ ਦਿਤਾ ਗਿਆ ਹੈ ।

4 ਅਸੰਸਕ੍ਰਿਤ :- ਆਲਸ (ਪ੍ਰਮਾਦ) ਤਿਆਗ ਕੇ ਆਤਮ ਪ੍ਰਤਿ ਸਾਵਧਾਨ ਕੀਤਾ ਗਿਆ ਹੈ ।

5 ਅਕਾਮ ਮਰਨੀਆ :- ਅਕਾਮ (ਅਗਿਆਨੀ) ਤੇ ਸਕਾਮ (ਗਿਆਨੀ) ਮਰਨ ਦਾ ਜਿਕਰ ਹੈ ।

6 ਕਸੁਲਕ ਨਿਰਗ੍ਰੰਥ :- ਕਰਮਾ ਦੇ ਫੱਲ ਪ੍ਰਤਿ ਝੂਠੇ ਲੋਕਾਂ ਨੂੰ ਸਵਧਾਨ ਕੀਤਾ ਗਿਆ ਹੈ ।

7 ਔਰਭ ਰਮਿਆ :- ਮੌਤਵਾਰੇ ਸਾਵਧਾਨ ਕੀਤਾ ਗਿਆ ਹੈ ।

8 ਕਾਪਿਲੀਆ :- ਸਾਧੂ ਨੂੰ ਸੰਸਾਰਿਕ ਵਿਦਿੱਆਵਾਂ ਸਿਖਣ ਤੋਂ ਮਨਾਂ ਕੀਤਾ ਗਿਆ ਹੈ ।

9 ਨਮਿ ਪ੍ਰਵਿ ਜਿਆ :- ਵਿਦੇਹ ਰਾਜਾ ਨਮਿ ਦੀ ਦੀਖਿਆ ਦਾ ਵੈਰਾਗ ਪੂਰਨ ਵਰਨਣ ਹੈ ।

10 ਦਰੁਮ ਪਤੱਰਕ :- ਭਗਵਾਨ ਮਹਾਵੀਰ ਨੇ ਆਪਣੇ ਪ੍ਰਮੁਖ ਸ਼ਿਸ ਇੰਦਰਭਤੀ ਗੋਤਮਨੂੰ ਪ੍ਰਮਾਦ (ਆਲਸ) ਛੱਡਣ ਉਪਦੇਸ ਦਿਤਾ ਹੈ ।

11 ਬਹੁਸ਼ਰੁਤ ਪੂਜਾ :- ਗਿਆਨ ਪ੍ਰਾਪਤੀ ਅਤੇ ਅਗਿਆਨ ਪ੍ਰਾਪਤੀ ਦੇ ਕਾਰਣਾਂ ਦੀ ਚਰਚਾ ਹੈ

12 ਹਰਿਕੇਸ਼ੀ :- ਭਗਵਾਨ ਮਹਾਂਵੀਰ ਦੇ ਇਕ ਚੰਡਾਲ ਜਾਤੀ ਦੇ ਮੁਨੀ ਹਰਿਕੇਸ਼ੀ ਦੀ ਯੱਗਵਾਦੀ

ਬ੍ਰਾਹਮਣਾਂ ਨਾਲ ਚਰਚਾ ਹੈ।

13 ਚਿੱਤ ਸੁਭਤੀ :- ਪਿਛਲੇ ਜਨਮ ਦੇ ਦੋ ਚੰਡਾਲ ਭਰਾਵਾਂ ਦੇ ਵਰਤਮਾਨ ਜੀਵਨ ਦੀ ਚਰਚਾ ਹੈ

14 ਈਸ਼ੁਕਾਰੀਆਂ :- ਈਸ਼ੁਕਾਰ ਨਗਰ ਦੇ ਦੋ ਪੁਰਹਿਤ ਪੁਤਰਾਂ ਦੇ ਮੁਨੀ ਬਨਣ ਦਾ ਵਰਨਣ ਹੈ

15 ਸਭਿਖਸੁ :- ਚੰਗੇ ਭਿਖਸ਼ੂ ਦੇ ਗੁਣਾਂ ਦਾ ਵਰਨਣ ਹੈ।

16 ਬ੍ਰਹਚਰਜ ਸਮਾਧੀ :- ਬ੍ਰਹਮਚਰਜ ਦੀਆਂ ਰੁਕਾਵਟਾਂ ਦਾ ਵਰਨਣ ਹੈ।

17 ਪਾਪ ਸ੍ਰਮਣ :- ਮਾੜੇ ਸਾਧੂਆਂ ਦੇ ਲੱਛਣਾਂ ਦਾ ਜਿਕਰ ਹੈ।

18 ਸੰਜੇ :- ਇਸ ਅਧਿਐਨ ਵਿਚ ਸੰਜੇ ਰਾਜ ਰਿਸੀ ਦਾ ਵਰਨਣ ਹੈ।

19 ਮਿਰਗਾਪੁੱਤਰ :- ਮਿਰਗਾਪੁੱਤਰ ਦੇ ਸਾਧੂ ਬਨਣ ਦਾ ਜਿਕਰ ਹੈ।

20 ਅਨਾਥੀ ਮੁਨੀ :- ਮਗਧ ਦੇ ਰਾਜਾ ਸ੍ਰੇਣਿਕ ਤੇ ਅਨਾਥੀ ਮੁਨੀ ਦੀ ਧਰਮ ਚਰਚਾ ਹੈ।

21 ਸਮੁਦਰ ਪਾਲੀਆ :- ਚਪਾ ਨਗਰ ਦੇ ਸਮੁੰਦਰ ਪਾਲ ਦਾ ਜਿਕਰ ਹੈ।

22 ਰਥਨੇਮੀ :- 22 ਵੇ ਤੀਰਥੰਕਰ ਅਰਿਸ਼ਟਨੇਮਿ ਦੇ ਭਰਾ ਰਥ ਨੇਮੀ ਦੇ ਸਾਧੂ ਜੀਵਨ ਤੋਂ ਗਿਰਨ ਤੇ ਸਾਧਵੀ ਰਾਜੁਲ ਦੀ ਪ੍ਰੇਰਣਾ ਨਾਲ ਫੇਰ ਸਥਾਪਿਤ ਹੋਣ ਦਾ ਜਿਕਰ ਹੈ।

23 ਕੇਸ਼ੀ ਗੌਤਮ :- ਇਸ ਇਤਹਾਸਕ ਅਧਿਐਨ ਵਿਚ ਭਗਵਾਨ ਪਾਰਸ ਨਾਥ ਦੇ ਚੇਲੇ ਕੇਸ਼ੀ ਮੁਨੀ ਦੀ 24 ਵੇ ਤੀਰਥੰਕਰ ਭਗਵਾਨ ਮਹਾਂਵੀਰ ਦੇ ਚੇਲੇ ਇੰਦਰ ਭੂਤੀ ਦੀ ਧਰਮ ਚਰਚਾ ਹੈ

24 ਪ੍ਰਵਚਨ ਮਾਤਾ :- ਸਾਧੂ ਜੀਵਨ ਦੀਆਂ ਤਿੰਨ ਸਮਿਤਿਆਂ ਅਤੇ ਪੰਜ ਗੁਪਤੀਆਂ ਦਾ ਜਿਕਰ ਹੈ।

25 ਯੱਗੀਆਂ :- ਜੈ ਘੋਸ਼ ਮੁਨੀ ਅਤੇ ਵਿਜੈ ਘੋਸ਼ ਮੁਨੀ ਦੇ ਯੱਗ ਪ੍ਰਤਿ ਵਿਚਾਰ ਹਨ।

26 ਸਮਾਚਾਰੀ :- ਸਾਧੂ ਜੀਵਨ ਦੇ ਸਵਿਧਾਨ ਦਾ ਵਰਨਣ ਹੈ।

27 ਕਸੁਲਕਿਆ :- ਗੁਰੂ ਨੂੰ ਭੈੜੇ ਚੇਲੇ ਤੋਂ ਸਾਵਧਾਨ ਕੀਤਾ ਗਿਆ ਹੈ।

28 ਮੋਕਸ਼ਮਾਰਗ :- ਇਸ ਵਿਚ 5 ਗਿਆਨ, 9 ਤੱਤਵ, 6 ਦਰੱਵ ਦਾ ਵਰਨਣ ਹੈ।

29 ਸਮਿਅਕੱਤਵ ਪ੍ਰਕਾਰਮ :- ਇਸ ਵਿਚ 73 ਪਸ਼ਨ ਉਤਰ ਹਨ।

30 ਤੱਪ ਮਾਰਗ ਗਤਿ:- ਸਾਧੂ ਜੀਵਨ ਦੇ ਤੱਪ ਦਾ ਵਰਨਣ ਹੈ।

31 ਚਰਨ ਵਿਧੀ :- ਜੈਨ ਸਿਧਾਤਾਂ ਦੇ ਭੇਦ ਦਸੇ ਗਏ ਹਨ।

32 ਪ੍ਰਮਾਦ ਸਥਾਨ :- ਬ੍ਰਹਮਚਾਰੀ ਨੂੰ ਇਸਤਰੀ ਪ੍ਰਤਿ ਸਾਵਧਾਨ ਕੀਤਾ ਗਿਆ ਹੈ।

33 ਕਰਮ ਪ੍ਰਕਿਤੀ :- 8 ਪ੍ਰਕਾਰ ਦੇ ਕਰਮਾ ਦਾ ਜਿਕਰ ਹੈ।

34 ਲੇਸਿਆਵਾ :- 6 ਲੇਸ਼ਿਆਵਾ ਦੀ ਵਿਸਥਾਰ ਨਾਲ ਚਰਚਾ ਹੈ।

35 ਅਨਗਾਰ :- ਸਾਧੂਆ ਨੂੰ ਉਪਦੇਸ ਦਿਤਾ ਗਿਆ ਹੈ।

36 ਜੀਵ ਅਜੀਵ ਵਿਭੇਕਤੀ :- ਇਸ ਵਿਸਾਲ ਅਧਿਐਨ ਵਿਚ ਜੀਵ ਅਜੀਵ ਦੀ ਚਰਚਾ ਵਿਸਥਾਰ ਨਾਲ ਹੈ।

ਇਸ ਗ੍ਰੰਥ ਦੇ ਪ੍ਰਸਿਧ ਨਿਰਯੁਕਤੀ ਕਾਰ ਅਚਾਰਿਆ ਭੱਦਰ ਵਾਹੂ, ਚੁਰਣੀਕਾਰ ਜਿਨਦਾਸ ਗਣੀ ਮਹਤੱਰ, ਟੀਕਾ ਕਾਰ ਸਾਤੀ ਸੂਰੀ, ਨੇਮੀ ਚੰਦਰ ਲਕਸਮੀ ਬਲੱਭ, ਜੈਕੀਰਤੀ, ਕਮਲ ਸੰਜਮ ਭਾਵ ਵਿਜੇ ਤੇ ਜੈਅੰਤ ਵਿਜੈ ਦੇ ਨਾਂ ਪ੍ਰਸਿਧ ਹਨ। ਹਿੰਦੀ ਅਨੁਵਾਦਕ ਵਿਚ ਅਚਾਰਿਆ ਸ੍ਰੀ

ਆਤਮਾ ਰਾਮ ਜੀ, ਪੂਜ ਘਾਸੀ ਰਾਮ ਅਚਾਰਿਆ ਅਮੋਲਕ ਰਿਸੀ ਦੇ ਨਾਂ ਪ੍ਰਸਿਧ ਹਨ। ਚਾਰਲ ਪੈਂਟਿਅਰ ਤੋਂ ਡਾਕਟਰ ਹਰਨਮ ਜੈਕੋਬੀ ਦੇ ਅੰਗਰੇਜ਼ੀ ਅਨੁਵਾਦ ਪ੍ਰਸਿਧ ਹਨ। ਗੋਪਾਲਭਾਈ ਜੀਵਾਭਾਈ ਪਟੇਲ ਦਾ ਗੁਜਰਾਤੀ ਅਨੁਵਾਦ ਅਤੇ ਰਵਿੰਦਰ ਜੈਨ ਦਾ ਪੰਜਾਬੀ ਅਨੁਵਾਦ ਸੰਪਾਦਕ ਪੁਰਸੋਤਮ ਜੈਨ ਪ੍ਰਸਿਧ ਹੈ।

# ਦਸਵੈਕਾਲਿਕ ਸੂਤਰ

ਇਸ ਸਾਸਤਰ ਨਵੇ ਸਾਧੂ ਲਈ ਪੜਨਾ ਲਾਜਮੀ ਹੈ। ਇਸ ਵਿਚ ਸਾਧੂ ਜੀਵਨ ਦੇ ਨਿਅਮ, ਭੋਜਨ ਲੈਣ ਦੀ ਸਹੀ ਵਿਧੀ ਤੋਂ ਛਟ ਆਤਮਾ ਦੇ ਕਲਿਆਣ ਦਾ ਉਪਦੇਸ ਵੀ ਦਰਜ ਹੈ। ਇਸ ਗ੍ਰੰਥ ਵਿਚ ਦਰਜ ਅਧਿਐਨ ਦੇ ਨਾਂ ਇਸ ਪ੍ਰਕਾਰ ਹਨ।

1 ਦਰੁਮ ਪੁਸਪਿਤ 2 ਸ੍ਰਮਾਣਯ 3 ਕਸੁਲਕਾਚਾਰ ਕਥਾ 4 ਮਢ 6 ਜੀਵ ਨਿਕਾਏ 5 ਪਿੰਡੈਸਨਾ ਇਸ ਦੇ ਦੋ ਉਦੇਸ਼ਕ ਹਨ। 6 ਮਹਾਚਾਰ ਕਥਾ 7 ਵਾਕਸੁਧੀ 8 ਆਚਾਰ ਪ੍ਰਨਿਧੀ 9 ਵਿਨੈ ਸਮਾਧੀ (ਚਾਰ ਉਦੇਸਕ ਹਨ ) 10 ਸਭਿਖਸੂ ਇਸ ਗ੍ਰੰਥ ਵਿਚ ਰਤਿਵਾਕ ਅਤੇ ਇਵਿਕਤ ਚਰਿਆ ਨਾਂ ਦੀਆ ਚੁਲਿਕਾਵਾ ਹਨ।

# ਆਵਸ਼ਕ ਸੂਤਰ

ਸਾਧੂ ਤੇ ਗ੍ਰਹਿਸਥ ਦੀਆ ਰੋਜਨਾ ਜਰੂਰੀ ਧਾਰਮਿਕ ਕ੍ਰਿਆਵਾ ਇਸ ਗ੍ਰੰਥ ਵਿਚ ਦਰਜ ਹਨ। ਇਹ 6 ਆਵਸ਼ਕ ਅਖਵਉਦੇ ਹਨ। [1]ਸਾਮਾਇਕ 2 24 ਤੀਰਥੰਕਰਾਂ ਦੀ ਸਤੁਤੀ 3 ਨਬਦੰ ਨਮਸਕਾਰ) 4 ਪ੍ਰਤਿਕ੍ਰਮਣ (ਪਾਪ ਕਰਵਾ ਦੀ ਆਲੋਚਨਾਂ) 5 ਕਾਂਯੋਤਸਰਗ (ਦੇਹ ਦਾ ਮੋਹ ਤਿਆਗ ਕੇ ਸਮਾਧੀ ਲਗਾਉਣਾ 6 ਪ੍ਰਤਿਖਿਆਨ ਮਾਪਕਾਰੀ ਕਰਮਾ ਦਾ ਤਿਆਗ

# ਪਿੰਡ ਨਿਰਯੁਕਤੀ

ਇਸ ਗ੍ਰੰਥ ਵਿਚ 671 ਗਾਥਾਵਾ ਹਨ। ਇਸ ਗ੍ਰੰਥ ਵਿਚ ਸਾਧੂ ਦੇ ਗ੍ਰਹਿਣ ਕਰਨ ਯੋਗ ਭੋਜਨ ਦਾ ਵਰਨਣ ਹੈ। ਇਸ ਗ੍ਰੰਥ ਦੇ 8 ਅਧਿਕਾਰ ਹਨ। 1 ਉਦਮ 2 ਉਤਪਾਦਨ 3 ਏਸ਼ਨਾ 4 ਸੰਯਜਨਾਂ 5 ਪ੍ਰਮਾਣ 6 ਅੰਗਾਰ 7 ਧੂਮ 8 ਕਾਰਣ।

# ਔਘ ਨਿਰਯੁਕਤੀ

ਇਸ ਗ੍ਰੰਥ ਦੀਆ 811 ਗਾਥਾਵਾਂ ਵਿਚ ਸਾਧੂ ਜੀਵਨ ਦਾ ਵਰਨਣ ਹੈ। ਅਧਿਐਨ ਇਸ ਪ੍ਰਕਾਰ ਹਨ।

1 ਪ੍ਰਤਿਲੇਖਨਾ ਦਵਾਰ ;- ਥਾਂ ਆਦਿ ਦੀ ਠੀਕ ਨਰਿਖੱਣ ਕਰਨਾ ਹੀ ਪ੍ਰਤਿਲੇਖਨਾ ਹੈ। ਇਸ ਦੇ ਦਸ ਦਵਾਰ ਹਨ। 1 ਅਸਿਵ 2 ਅਕਾਲ 3 ਰਾਜਭੈ 4 ਕਸ਼ੋਭ 5 ਅਨਸ਼ਨ 6 ਮਰਗ ਭਰਿਸਟ 7 ਮੰਦ 8 ਅਤਿਸੈਯੁਕਤ 9 ਦੇਵਤਾ 10 ਅਚਾਰਿਆ।

2 ਪਿੰਡ :- ਇਸ ਅਧਿਐਨ ਵਿਚ ਗ੍ਰਹਿਣ ਕਰਣ ਯੋਗ ਅਤੇ ਨਾਂ ਗ੍ਰਹਣ ਕਰਨ ਯੋਗ ਭੋਜਨ ਤੇ ਵਸਤਾ ਦਾ ਜਿਕਰ ਹੈ।

3 ਉਪਧਿ ;- ਇਸ ਅਧਿਐਨ ਵਿਚ ਜਿਨਕਲਪੀ ਮੁਨੀ ਦੇ 12 ਅਤੇ ਸਥਵੀਰ ਕਲਪੀ ਮੁਨੀ ਦੇ 16 ਧਰਮ ਉਪਕਰਨਾਂ ਅਤੇ ਸਾਧਵੀਆ ਦੇ 23 ਉਪਕਰਨਾ ਦਾ ਜਿਕਰ ਹੈ।

(ਟਿਪਨੀ ;- ਸਵੇਤਾਵਰ ਸਥਾਨਕਵਾਸੀ ਜੈਨ ਅਤੇ ਤੇਰਾਪੰਥ ਸਵੇਤਾਂਵਰ ਜੈਨ ਫਿਰਕੇ ਵਾਲੇ ਇਨਾਂ ਆਗਮ ਨੂੰ ਨਹੀਂ ਮਨਦੇ ਇਸ ਫ਼ਿਰਕੇ ਬਿਨਾਂ ਦੀ ਥਾਂ ਨੰਦੀ ਸੂਤਰ ਤੇ ਅਨੁਯੋਗ ਦਵਾਰ ਨੂੰ ਮਨਦੇ ਹਨ ।)

ਅਨਾਯਤਨ ਵਰਜਨ ਦਵਾਰ 5 ਪ੍ਰਤਿਸੇਵਨਾ ਦਵਾਰ 6 ਆਲੋਚਨਾ ਦਵਾਰ 7 ਵਿਸੁਧੀ ਦਵਾਰ

# ਛੇਦ ਸੂਤਰ

ਛੇਦ ਸੂਤਰਾ ਦਾ ਵਿਸ਼ੇ ਜੈਨ ਸਾਧੂਆ ਦੇ ਆਚਾਰ ਨਾਲ ਸੰਬਧ ਰਖਦਾ ਹੈ। ਆਚਾਰ ਨਾਲ ਸਬੰਧ ਰਖਦੇ ਹਨ। ਵਿਸ਼ੇ ਇਸ ਪ੍ਰਕਾਰ ਹਨ। 1 ਉਤਸਰਗ (ਆਮ ਵਿਧਿ ਵਿਧਾਨ) 2 ਅਪਵਾਦ (ਕਿਸੇ ਮਜਾਬੂਰੀ ਬਸ ਨਿਯਮ ਤਿਆਗ ਕੇ ਕੰਮ ਕਰਨਾ) 3 ਦੋਸ (ਉਤਸਰਗ ਮਾਰਗ ਦਾ ਭੰਗ ਹੋਣਾ) 4 ਪ੍ਰਸਚਿਤ (ਕੀਤੇ ਪਾਪ ਦਾ ਗੁਰੂ ਦੇ ਚਰਨਾ ਵਿਚ ਯੋਗ ਪ੍ਰਾਸਚਿਤ) ਛੇਦ ਸੂਤਰ ਦੇ ਨਾਂ ਤੇ ਵਿਸ਼ਾ ਵਸਤੂ ਇਸ ਪ੍ਰਕਾਰ ਹਨ।

# ਦਸਾ ਸਰੁਤ ਸਕੰਧ

ਇਸ ਗ੍ਰੰਥ ਦੇ 10 ਅਧਿਐਨ ਹਨ। ਜਿਨਾਂ ਨੂੰ ਉਦੇਸਕ ਕਿਹਾ ਗਿਆ ਹੈ।

1 ਅਸਮਾਧੀ ਸਥਾਨ ;- ਅਸਮਾਧੀ ਦੇ 20 ਕਾਰਣਾ ਦਾ ਵਰਨਣ ਹੈ।

2 ਸੰਬਲ ਦੋਸ ;- ਮਹਾਵਰਤਾ ਦੇ ਭੰਗ ਹੋਣ ਦਾ ਕਾਰਨ 20 ਸਬੰਲ ਦੋਸ ਹਨ।

3 ਆਸ਼ੁਤਨਾ ;- ਗਿਆਨ ਦਰਸਨ ਚਾਰਿਤੱਰ ਦੇ ਘਾਟੇ ਦਾ ਕਾਰਣ 33 ਅਸ਼ਤਨਾ ਹਨ।

4 ਗਣੀਸੰਧ ;- 8 ਪ੍ਰਕਾਰ ਦੀ ਗਣੀ ਸੰਧ ਦਾ ਵਰਨਣ ਕੀਤਾ ਗਿਆ ਹੈ।

5 ਚਿੱਤ ਸਮਧੀ ਸਥਾਨ ;- ਮਨ ਨੂੰ ਟਿਕਾਕੁਣ ਵਾਲੇ ਵਾਲੇ 10 ਪ੍ਰਕਾਰ ਦੇ ਸਮਾਧੀ ਸਥਾਨ ਦਾ ਵਰਨਣ ਹੈ

6 ਉਪਾਸਕ ਪ੍ਰਤਿਮਾਵਾ :- 11 ਪ੍ਰਕਾਰ ਦੀਅ ਸ੍ਰਾਵਕ ਪ੍ਰਤਿਮਾਵਾ (ਧਿਆਨ ਅਵਸਥਾ) ਦਾ ਵਰਨਣ ਹੈ।

7 ਭਿਖਸੂ ਪ੍ਰਤਿਅਵਾ :- 12 ਪ੍ਰਕਾਰ ਦੀਆਂ ਭਿਖਸੂ (ਸਾਧ) ਪ੍ਰਤਿਮਾਵਾ ਦਾ ਵਰਨਣ ਹੈ।

8 ਬਰਖਾ ਕਾਲ ਵਿਚ ਮੁਨੀਆ ਟਿਕਨਾ ਪਰਿਯੁਕਤ ਹੈ। ਪਰਿਯੁਕਤ ਦੀਆਂ ਧਾਰਮਿਕ ਕ੍ਰਿਆਵਾ 24 ਤੀਰਥਕਰਾ ਦਾ ਵਰਨਣ ਹੈ।

9 ਮੋਹਨੀਆ ਸਥਾਨ ;- ਇਸ ਵਿਚ 30 ਮਹੋ ਸਥਾਨਾ ਦਾ ਵਰਨਣ ਹੈ।

10 ਅਸੰਯਤੀ ਸਥਾਨ :- ਤਪ ਕਾਰਣ ਪ੍ਰਪਾਤ ਰਿਧੀ ਸਿਧੀ ਨਿਦਾਨ ਕਿਹਾ ਜਾਂਦਾ ਹੈ ਇਸ ਅਧਿਅੰਨ ਵਿਚ ਰਾਜਾ ਸ੍ਰਣਿਕ ਦੀ ਰਿਧੀ ਦਾ ਵਰਨਣ ਹੈ।

# ਬਹੁਤ ਕਲਪ

ਇਸ ਛੇਦ ਵਿਚ ਸਾਧੂ ਜੀਵਨ ਜੀ ਬਿਧੀ ਨਿਸੇਧ, ਉਤਸਰਗ ਅਪਵਾਦ, ਤੱਪ ਪ੍ਰਾਸਚਿਤ ਦੇ ਵਰਨਣ 6 ਅਧਿਐਨ ਵਿਚ ਹੈ।

ਪਹਿਲੇ ਉਦੇਸਕ ਵਿਚ 50, ਦੁਸਰੇ ਵਿਚ 25, ਤੀਸਰੇ ਵਿਚ, 31 ਚੋਥੇ ਵਿਚ 37, ਪੰਜਵੇ ਵਿਚ 42, ਛੇਵੇ ਵਿੱਚ 20 ਸੂਤਰ ਹਨ। ਸਾਰੇ ਸੂਤਰ ਸਾਧੂ ਆਪਣੀ ਜੀਵਨ ਨਾਲ ਸੰਭਖਿਤ ਹਨ।

# ਵਿਵਹਾਰ

ਬਹੁਤ ਕਲਪ ਤੇ ਵਿਵਹਾਰ ਇੱਕ ਦੂਸਰੇ ਪੂਰਕ ਸੂਤਰ ਹਨ। ਇਸ ਗ੍ਰੰਥ ਦੇ 10 ਉਦੇਸ਼ਕ ਹਨ। ਇਹਨਾਂ ਵਿੱਚ ਇਹ ਵਿਸ਼ੇ ਹਨ।

1 ਨਿਸਕਪਟ ਅਤੇ ਕਪਟੀ ਆਲੋਚਕ ਇੱਕਲੇ ਸਾਧੂ ਦਾ ਪ੍ਰਾਸਚਿਤ ਦਰਜ।

2 ਸਮਾਨ ਸਮਾਚਾਰੀ ਵਾਲੇ ਦੋਸ਼ੀ ਸਾਧੂਆ ਨਾਲ ਸੰਬਧਿਤ ਪ੍ਰਾਸਚਿਤਦਰਜ ਹੈ।

3 ਗੱਛ ਦੇ ਪ੍ਰਮੁੱਖ ਸਾਧੂਆ ਦੀ ਯੋਗਤਾ ਗੱਛ ਵਿਚ ਰਹਿ ਕੇ ਜਾਂ ਇੱਕਲੇ ਘੁਮਣ ਵਾਲੇ ਪਾਪੀ ਸ੍ਰਮਣ (ਸਾਧੂ) ਦੇ ਪ੍ਰਾਸਚਿਤ ਜ਼ਿਕਰ ਹੈ।

4 ਇਸ ਵਿਚ ਅਚਾਰਿਆ ਆਦਿ ਪਦਵੀ ਧਾਰੀਆਂ ਦਾ ਧਾਰਮਿਕ ਪਰਿਵਾਰ ਅਚਾਰਿਆ ਦੀ ਮੌਤ ਸਮੇ ਚੇਲਿਆ ਦੇ ਕਰਤੱਵ ਨਵੇ ਅਚਾਰਿਆ ਦੀ ਚੋਣ ਗਿਆਨ ਪ੍ਰਾਪਤੀ ਲਈ ਹੋਰ ਗੱਛ ਵਿਚ ਜਾਣ ਦਾ ਵਰਨਣ ਹੈ।

5 ਸਾਧਵੀਆਂ ਦੇ ਆਪਣੇ ਤੇ ਹੋਰਾਂ ਸਾਧੂ ਪ੍ਰਤਿ ਫਰਜਾ ਦਾ ਜਿਕਰ ਹੈ।

6 ਸਾਧੂ ਨੂੰ ਰਿਸ਼ਤੇਦਾਰ ਪ੍ਰਤਿ ਅਚਾਰਿਆ, ਉਪਾਧਿਆ ਅਤੇ ਸਿਖਿਅਕ ਅਤੇ ਅਸਿਖਿਅਕ ਦੀ ਦੀ ਵਿਆਖਿਆ ਕੀਤੀ ਗਈ ਹੈ।

7 ਸਾਧੂ ਸਾਧਵੀਆਂ ਦੇ ਆਪਸੀ ਵਿਵਹਾਰ ਸੰਬੰਧੀ ਦਾ ਵਰਨਣ ਹੈ।

8 ਸਾਧੂ ਦੇ ਉਪਕਰਨਾ ਦਾ ਵਰਨਣ ਹੈ।

9 ਭਿਖਸ਼ ਦੇ ਮਾਲਕ ਤੋਂ ਭੋਜਨ ਲੈਣ ਦੀ ਮਨਾਹੀ ਦਾ ਜ਼ਿਕਰ ਹੈ।

10 ਬਾਲ ਦੀਖਿਆ ਮਮਤਾ ਤਿਆਗ ਉਪਸਰਗ, ਪੰਜ ਪ੍ਰਕਾਰ ਦੇ ਵਿਵਹਾਰ, ਤਿੰਨ ਪ੍ਰਕਾਰ ਦੇ ਸਥਿਵਰ ਆਦਿ ਵਿਸ਼ਿਆਂ ਦਾ ਵਰਨਣ ਹੈ।

# ਨਸ਼ਿਥ

ਨਸ਼ਿਥ ਸੂਤਰ ਵਿਚ 4 ਪ੍ਰਕਾਰ ਦੇ ਪ੍ਰਾਸਚਿਤਾਂ ਦਾ ਵਰਨਣ ਹੈ। ਜੋ ਸਾਧੂ ਸਾਧਵੀਆ ਲਈ ਹਨ। ਇਸ ਗ੍ਰੰਥ ਦੇ 20 ਉਦੇਸਕ ਹਨ।

ਪਹਿਲੇ ਵਿਚ ਗੁਰੂ ਮਾਸਿਕ ਪ੍ਰਾਸ਼ਚਿਤ ਦੂਸਰੇ ਤੋਂ ਪੰਜਵੇ ਤਕ ਲਘੂ ਮਾਸਿਕ ਪ੍ਰਾਸਚਿਤ ਛੇਵੇ ਤੋਂ ਗਿਆਰਵੇ ਤੱਕ ਗੁਰੂ ਚਾਤੁਰ ਮਾਸਿਕ ਪ੍ਰਾਸਚਿਤ, ਬਾਹਰਵੇ ਤੋਂ ਉਨੀਵੇ ਵਿਚ ਲਘੂ ਚਾਤੁਰ ਮਾਸ਼ਿਕ ਪ੍ਰਾਸਚਿਤ ਦਾ ਵਰਨਣ ਹੈ। ਵੀਹਵੇ ਉਦੇਸਕ ਵਿਚ ਆਲੋਚਨਾਂ ਤੇ ਪ੍ਰਾਸਚਿਤ ਵਿਚ ਲਗਨ ਵਾਲੇ ਦੋਸਾ ਦਾ ਜਿਕਰ ਹੈ। ਇਹ ਗ੍ਰੰਥ ਵਿਚ 1500 ਸੂਤਰ ਹਨ।

# ਮਹਾਨਸਿਥ

ਇਸ ਗ੍ਰੰਥ ਵਿਚ 6 ਅਧਿਐਨ ਅਤੇ 2 ਚੂਲਿਕਾਵਾਂ ਹਨ। ਜਿਨਾਂ ਦਾ ਸੰਖੇਪ ਵਰਨਣ ਇਸ਼ ਪ੍ਰਕਾਰ ਹੈ।

1 ਸਲਯੋਦਰਨ ਨਾਸ਼ਕ ਅਧਿਐਨ ਵਿਚ ਪਾਪ ਰੂਪੀ ਕੰਡੇ ਦੀ ਸਿੰਦਾ ਆਲੋਚਨਾ ਹੈ। 18 ਪਾਪਾਂ ਚਰਚਾ ਹੈ।

2 ਕਰਮ ਵਿਮਾਕ ਅਧਿਐਨ ਵਿਚ ਦੀ ਆਲੋਚਨਾ ਤੇ ਪ੍ਰਕਾਸ ਪਾਇਆ ਗਿਆ ਹੈ ।
4 ਇਸ ਅਧਿਐਨ ਵਿਚ ਭੈੜੇ ਸਾਧਾਆਂ ਦੀ ਸੰਗਤ ਛੋਂ ਬਚਣ, ਮੰਤਰ, ਤੰਤਰ, ਨਵਕਾਰ ਮੰਤਰ, ਤਪ ਵਿਧੀ, ਅਨੁਕੰਪਾ ਜਿਨ (ਤੀਰਥੰਕਰ) ਪੂਜਾ ਵਰਨਣ ਹੈ ।
5 ਨਵਨੀਤ ਸਾਰ ਵਿਚ ਸਾਧੂਆਂ ਦੇ ਗੱਛ ਸਵਰੂਪ ਦਾ ਵਰਨਣ ਹੈ ।
6 ਇਸ ਵਿਚ ਪ੍ਰਾਸਚਿਤ ਦੇ 10 ਤੇ ਆਲੋਚਨਾ ਦੇ 4 ਭੇਦਾ ਦਾ ਜਿਕਰ ਹੈ ।
ਚੁਲਿਕਾ – ਇਸ ਵਿਚ ਬੁੱਧੀ ਦੀਆਂ ਕਹਾਣੀਆਂ, ਸਤੀ ਪ੍ਰਥਾ, ਰਾਜ ਕੁਮਾਰ ਨਾਂ ਤੇ ਲੜਕੀ ਨੂੰ ਰਾਜ ਗੱਦੀ ਦੇਸ ਦਾ ਜਿਕਰ ਹੈ ।

ਇਸ ਗ੍ਰੰਥ ਦੇ ਤੀਸਰੇ ਅਧਿਐਨ ਵਿੱਚ ਇਸ ਗ੍ਰੰਥ ਦੀ ਸੁਧਾਈ ਹਰੀਭੱਦਰ ਅਚਾਰਿਆ ਰਾਹੀ ਕਰਨ ਦਾ ਵਰਨਣ ਹੈ ।

# ਜੀਤ ਕਲਪ

ਇਸ ਵਿਚ ਸਾਧੂ ਸਾਧਵੀ (ਨਿਰਗ੍ਰੰਥਨੀ) ਦੇ ਭਿੰਨ 2 ਅਪਰਾਧਾ ਦੇ ਨਿਰਗ੍ਰੰਥ ਪ੍ਰਾਸਚਿਤ ਦਾ ਜਿਕਰ 103 ਗਾਥਵਾਂ ਵਿੱਚ ਕੀਤਾ ਗਿਆ ਹੈ । ਤਪ ਦੇ 10 ਭੇਦ ਹਨ ।
1 ਆਲੋਚਨਾ 2 ਪ੍ਰਤਿਕ੍ਰਮਨ 3 ਉਭੈ 4 ਵਿਵੇਕ 5 ਵਿਉਤਸਰਗ 6 ਤਪ 7 ਛੇਦ 8 ਮੂਲ 9 ਅਨਵਸਥਾਪਿਆ 10 ਪ੍ਰਾਸਚਿਤ

# ਚੂਲਿਕਾ ਸੂਤਰ

# ਨੰਦੀ ਸੂਤਰ

ਇਸ ਗ੍ਰੰਥ ਵਿਚ ਮੰਗਲ ਚਰਨ, ਤੀਰਥੰਕਰ ਸਤੁਤੀ, ਅਚਾਰਿਆ ਦੇਵ ਵਾਚਕ ਦਾ ਕੁਰਸੀਨਾਮਾ, ਪੰਜ ਪ੍ਰਕਾਰ ਲੇ ਗਿਆਨ ਦੀ ਚਰਚਾ, ਸਰੋਤਾ, ਸਭਾ, ਅਤੋਂਪਤਿ ਬੁੱਧੀ (ਧਿਨਾ ਵੇਖੇ ਸੁਣੇ ਜਾਣੇ ਕਿਸੇ ਪਦਾਰਥ ਦੀ ਸੁਧ ਵਿਆਖਿਆ ਅੌਤਪਤਿ ਬੁਧੀ ਹੈ ।) ਸ਼ਰੁਤ ਗਿਆਨ, 12 ਅੰਗ, ਮਿਥਿਆ ਸਰੁਤ (ਸਾਹਿਤ) ਦਾ ਪ੍ਰਾਚੀਨ ਵਰਨਣ ਹੈ । ਇਸ ਗ੍ਰੰਥ ਵਿਚ ਅੰਗ ਤੇ ਹੋਰ 72 ਗ੍ਰੰਥਾਂ ਦੇ ਵਿਸ਼ੇ ਤੇ ਸਲੇਕ ਸੰਖਿਆ ਦਿਤੀ ਗਈ ਹੈ । ਇਸ ਗ੍ਰੰਥ ਵਿਚ ਵਰਨਣ ਕੀਤੇ ਕਈ ਗ੍ਰੰਥ ਜਾਂ ਤਾਂ ਪੂਰੇ ਨਹੀਂ ਮਿਲਦੇ ਕਈ ਅਧੂਰੇ ਮਿਲਦੇ ਹਨ । ਕਈ ਗ੍ਰੰਥਾ ਦਾ ਵਿਸਾ ਵੀ ਬਦਲ ਚੁਕਾ ਹੈ ।

# ਅਨੁਯੋਗ ਦਵਾਰ

ਇਹ ਇਕ ਵਿਆਖਿਆ ਗ੍ਰੰਥ ਹੈ । ਇਸ ਗ੍ਰੰਥ ਵਿਚ ਵਰਨਣ ਦਾ ਢੰਗ ਨਿਕਸ਼ੇਪ ਵਿਧਿ ਹੈ । ਕਿਸੇ ਵਸਤੂ ਦਾ ਭਿੰਨ 2 ਦਰਿਸਟਿਆਂ ਨਾਲ ਵਿਸਲੇਸਨ ਨਿਕਸ਼ੇਪ ਹੈ । ਇਸ ਗ੍ਰੰਥ ਵਿਚ ਹੇਠ ਲਿਖੇ ਵਿਸ਼ੇ ਸਾਮਲ ਹਨ ।
ਆਵਸਕ ਸਰੁਤ, ਸਕੰਧ, ਅਧਿਐਮ ਦੇ ਵਿਵਿਧ ਅਧਿਐਨ ਦੇ ਵਿਵਿਧ ਨਿਕਸੇਪ ਅਨੁਯੋਗ ਦੇ ਉਪ ਕ੍ਰਮ ਆਦਿ ਦੇ ਚਾਰ ਭੇਦ, ਵਿਸਤਾਰ, ਅਧਿਕਾਰ, ਅਨੁਪੂਰਵੀ ਸਮਬਤਾਰ ਅਨੁਰਾਮ ਨਾਂ ਔਦਾਇਕ ਦੇ 6 ਭੇਦ ਸੱਤ ਸਵਰ, ਅੱਠ ਵਿਭਕੱਤੀ, ਨੌ ਰਸ, ਪ੍ਰਮਾਣ, ਅਗੁੰਲ, ਪਲੋਯਪਮ, ਪੰਜ ਪ੍ਰਕਾਰ ਦਾ ਸਰੀਰ ਗਰਭਜ ਮਨੁਖ ਦੀ ਸੰਖਿਆ, ਸਤਨਯ, ਸੰਖਿਆ, ਅਸੰਖ ਤੇ ਅਨੰਤ ਦੇ ਭੇਦ ਉਪ ਭੇਦ ਸ੍ਰਮਣ ਦਾ ਸਵਰੂਪ ਉਪਮਾ ਨਿਰਯੁਕਤੀ ਦੇ ਤਿੰਨ ਭੇਦ ਸਮਾਇਕ ਸਬੰਧੀ ਪ੍ਰਸਨ ਉਤਰ ਹਨ ।

# ਪ੍ਰਕ੍ਰਣਕ

ਇਸ ਤੋਂ ਭਾਵ ਹੈ ਵਿਵਿਧ। ਸਵੇਤਾਂਵਰ ਮੂਰਤੀ ਪੂਜਕ ਇਨ੍ਹਾਂ ਗ੍ਰੰਥਾਂ ਨੂੰ ਭਗਵਾਨ ਮਹਾਵੀਰ ਰਚਨਾ ਮਨਦੇ ਹਨ। ਜਦ ਕਿ ਸਥਾਨਕ ਵਾਸੀ ਅਤੇ ਤੇਰਾ ਪੰਥੀ ਇਨ੍ਹਾਂ ਗ੍ਰੰਥਾ ਨੂੰ ਭਗਵਾਨ ਮਹਾਵੀਰ ਦੀ ਬਾਣੀ ਨਹੀਂ ਮਨਦੇ।

ਵਿਸਵਾਸ ਕੀਤਾ ਜਾਂਦਾ ਹੈ ਕਿ ਭਗਵਾਨ ਮਹਾਵੀਰ ਦੇ 14000 ਪ੍ਰਕਿਣਕ ਸਨ ਉਨਾਂ ਵਿਚੋ ਅੱਜ ਕੱਲ 10 ਪ੍ਰਾਪਤ ਹਨ। ਉਨ੍ਹਾਂ ਦੇ ਨਾਵਾ ਵਾਰੇ ਕਾਥੀ ਮੱਤ ਭੇਦ ਹਨ। ਇਹ ਦਸ ਪ੍ਰਕਿਣਕਾ ਦੇ ਨਾਂ ਇਸ ਪ੍ਰਕਾਰ ਹਨ।

1 ਚਤੁਸਰਨ 2 ਆਤੁਰ ਪ੍ਰਤਿਖਿਆਨ 3 ਮਹਾ ਪ੍ਰਤਿਖਿਆਨ 4 ਭਕਤ ਪਰਿਗਿਆਨ 5 ਤਦੂੰਲ ਵੈਚਾਰਿਕ 6 ਸੰਸਤਾਰਕ 7 ਗੱਛਾਆਚਾਰ 8 ਗਾਣੀ ਵਿਦਿਆ 9 ਦੇਵਿੰਦਰ ਸਤਵ 10 ਮਰਨ ਸਮਾਧੀ

ਕਈ ਵਿਦਵਾਨ ਮਰਨ ਸਮਾਧੀ ਤੇ ਗਛ ਆਚਾਰ ਦੀ ਥਾਂ ਚੰਦਰ ਵੈਦਿਯਕ ਤੇ ਵੀਰ ਸਤਵ ਨੂੰ ਮਨਦੇ ਹਨ।

# ਚਤੁਸ਼ ਮਰਨ

ਇਸ ਗ੍ਰੰਥ ਦੀ ਸਿਰਫ 63 ਗਾਥਾਵਾਂ ਹਨ। ਜਿਨ੍ਹਾਂ ਵਿਚ ਅਰਿਹੰਤ, ਸਿਧ, ਸਾਧੂ ਤੇ ਕੇਵਲੀ ਭਗਵਾਨ ਰਾਹੀ ਪ੍ਰਗਟ ਕੀਤੇ ਧਰਮ ਨੂੰ ਸੱਚਾ ਸਰਨ ਕਿਹਾ ਗਿਆ ਹੈ। ਸੂਤ੍ਰ ਵਿਚ ਸਾਧੂ ਜੀਵਨ ਦੇ 6 ਆਵਸ਼ਕਾ ਦਾ ਵਰਨਣ ਹੈ।

# ਆਤੁਰ ਪ੍ਰਤਿਖਿਆਨ

ਇਸ ਗ੍ਰੰਥ ਦੀ 70 ਗਾਥਾਵਾਂ ਵਿਚ ਸਮਾਧੀ ਮਰਨ ਭੇ ਭੇਦ, ਬਾਲ ਮਰਨ ਡੇ ਪੰਡਿਤ ਮਰਨ ਦੀ ਚਰਚਾ ਹੈ।

# ਮਹਾਪ੍ਰਤਿਖਿਆਨ

ਇਸ਼ ਗ੍ਰੰਥ ਵਿਚ 18 ਪ੍ਰਕਾਰ ਦੇ ਪਾਪਾ ਤੋਂ ਬਚਨ ਦਾ ਉਪਦੇਸ ਸਾਧੂਆ ਨੂੰ ਕੀਤਾ ਗਿਆ ਹੈ। ਇਸ ਤੋਂ ਛੁੱਟ ਸੰਸਾਰ ਭਰਮਨ, ਪੰਡ ਮਰਨ, ਪੰਜ ਮਹਾਵਰਤ, ਵੈਰਾਗ ਆਲੋਚਨ ਵਿਉਤਸਰਗ ਤੇ ਪ੍ਰਕਾਸ ਪਾਇਆ ਗਿਆ ਹੈ। ਤਿਅਗਾ ਦਾ ਸਹੀ ਪਾਲਨ ਕਰਨ ਵਾਲਾ ਮਰਕੇ ਦੇਵ ਤਾ ਜਾਂ ਨਿਰਵਾਨ ਗਤਿ ਨੂੰ ਪ੍ਰਾਪਤ ਹੁੰਦਾ ਹੈ। ਇਸ ਗ੍ਰੰਥ ਦੀਆ 143 ਗਾਥਾਵਾ ਹਨ

# ਭਗਤ ਪਰਿਗਿਆ

ਇਸ ਗ੍ਰੰਥ ਦੀਆ 172 ਗਾਥਾਵਾਂ ਹਨ। ਪੰਡਤ ਮਰਨ ਦੇ ਤਿਨ ਭੇਦਾਂ ਵਰਨਣ ਹੈ। 1 ਭਗਤ ਪਰਿਗਿਆ 2 ਇੰਗਨੀ 3 ਪਾਦੋਪਗਮਨ ਭਗਤ ਪਰਿਗਿਆ ਮਰਨ ਦੇ ਦੋ ਭੇਦ ਹੋਰ ਪ੍ਰਾਪਤ ਹੁੰਦੇ ਹਨ 1 ਸਵਿਚਾਰ 2 ਅਵਿਚਾਰ

# ਤਦੂੰਲ ਵੈਚਾਰਿਕ

ਇਸ ਗ੍ਰੰਥ ਦੀਆਂ 139 ਗਾਥਾਵਾ ਹਨ। ਕਈ ਥਾਵਾਂ ਤੇ ਸੂਤਰ ਵੀ ਮਿਲਦੇ

ਹਨ। ਇਸ ਵਿਚ ਵਿਸਥਾਰ ਨਾਲ ਹਾਰਭ ਵਿਚ ਜੀਵ ਦੀ ਸਥਿਤੀ ਦਾ ਵਰਨਣ ਹੈ 100 ਸਾਲ ਉਮਰ ਵਾਲਾ ਰੋਜਾਨਾ ਕਿਨਾਂ ਚਾਵਲ ਖਾ ਜਾਂਦਾ ਹੈ। ਇਸ ਦਾ ਵਿਚਾਰ ਕਾਰਨ ਇਸ ਗ੍ਰੰਥ ਦਾ ਨਾਂ ਤਦੁੰਲ ਵੈਚਾਰਿਕ ਹੈ।

## ਸੰਸਤਾਰਕ

ਇਸ ਗ੍ਰੰਥ ਦੀਆ 123 ਗਾਥਾਵਾਂ ਵਿਚ ਮਰਨ ਸਮਾਧੀ ਸਮੇ ਘਾਹ ਫੂਸ ਦੇ ਵਿਛੋਣੇ ਦਾ ਜਿਕਰ ਹੈ। ਜਿਸ ਉਪਰ ਗਿਆਨੀ ਪੁਰਸ ਸਮਾਧੀ, ਮਰਨ ਰੂਪੀ ਅੰਤਮ ਧਰਮ ਉਪਾਸਨਾ ਕਰਦੇ ਹਨ।

## ਗੱਛਾ ਚਾਰ

ਇਸ ਗ੍ਰੰਥ ਦੀਆ 137 ਗਾਥਾਵਾਂ ਵਿਚ ਸਾਧੂ ਸਾਧਵੀ ਦੇ ਸੁਧ ਆਚਾਰ ਦਾ ਵਰਨਣ ਹੈ। ਗੱਛ ਸ੍ਰੀ ਸੰਘ ਵਿਚ ਰਹਿਕੇ ਹੀ ਸਾਧੂ ਸਾਧਵੀ ਨੂੰ ਸਾਧਨਾ ਕਰਨੀ ਚਾਹਿਦੀ ਹੈ।

## ਗ਼ਣੀ ਵਿਦਿਆ

ਇਸ ਦੀਆ 82 ਗਾਥਾਵਾਂ ਦਾ ਵਿਸ਼ਾ ਵਸ਼ਤੂ ਜੋਤਿਸ ਹੈ। ਵਿਸ਼ੇ ਇਸ ਪ੍ਰਕਾਰ ਹਨ। 1 ਦਿਵਸ 2 ਤਿਥੀ 3 ਨਛੱਤਰ 4 ਕਰਨ 5 ਗ੍ਰਹਿ ਦਿਵਸ 6 ਮਹੂਰਤ 7 ਸ਼ਗੁਨ 8 ਲਗਨ 9 ਨਮਿਤ

## ਦੇਵਿੰਦਰ ਸਤਵ

ਇਸ ਗ੍ਰੰਥ ਦੀਆ 307 ਗਾਥਾਵਾਂ ਵਿਚ 32 ਦੇਵਿੰਦਰ ਦੀ ਵਿਸਥਾਰ ਪੁਰਬਕ ਚਰਚਾ ਹੈ। ਜਿਸ ਵਿਚ ਇਨ੍ਹਾਂ ਦੇਵਿੰਦਰ ਦੇ ਨਾਂ, ਠਿਕਾਣੇ, ਸਥਿਤੀ, ਨਗਰ, ਪਰਿਵਾਰ ਸਵਾਸੋਸਵਾਸ (ਛੋਟੇ ਬੜੇ ਸਾਹ) ਅਵਧੀ ਗਿਆਨ (ਜਿਸ ਗਿਆਨ ਦੀ ਸੀਮਾ ਨਿਸ਼ਚਤ ਹੋਵੇ) ਆਦਿ ਵਿਸ਼ੇਆ ਦਾ ਵਰਨਣ ਹੈ।

## ਮਰਨ ਸਮਾਧੀ ਜਾਂ ਮਰਨ ਵਿਭਕਤੀ

ਇਸ ਗ੍ਰੰਥ ਵਿਚ 603 ਗਾਥਾਵਾਂ ਹਨ। ਇਸ ਵਿਚ ਸਮਾਧੀ ਮਰਨ ਦੇ ਚਾਰ ਭੇਦਾ, ਪੰਡਤ ਮਰਨ ਅਤੇ ਸੰਲੇਖਨਾ ਦਾ ਵਰਨਣ ਹੈ।

## ਚੰਦਰ ਵੇਧਿਅਕ ਅਤੇ ਵੀਰਸਤਵ

ਚੰਦਰ ਵੇਧਿਅਕ ਵਿਚ 175 ਗਾਥਾਵਾਂ ਹਨ। ਇਸ ਵਿਚ ਸਾਧੂ ਨੂੰ ਪ੍ਰਮਾਦ ਦੇ ਤਿਆਗ ਕਰਨ ਦਾ ਉਪਦੇਸ ਹੈ। ਇਸ ਗ੍ਰੰਥ ਵਿਚ ਸੱਤ ਵਿਸ਼ੇਆ ਦਾ ਵਰਨਣ ਹੈ।

1 ਵਿਨੈ 2 ਅਚਾਰਿਆ ਦੇ ਗੁਣ 3 ਚੇਲੇ ਦੇ ਗੁਣ 4 ਵਿਨੈ ਨਿਗਾਰੈ ਗੁਣ 5 ਗਿਆਨ ਗੁਣ 6 ਚਰਨ ਗੁਣ 7 ਮਰਨ ਗੁਣ

ਵੀਰਸਤਵ ਵਿਚ 24 ਵੇ ਤੀਰਥੰਕਰ ਭਗਵਾਨ ਵਰਧਮਾਨ ਮਹਾਵੀਰ ਦਾ ਗੁਣ-ਗਾਣ ਕੀਤਾਂ ਗਿਆ ਹੈ।